19

## ਪੰਜਾਬ, ਭਾਰਤ ਅਤੇ ਵਿਸ਼ਵ

*ਆਯਾਤ - ਨਿਰਯਾਤ*

ਪੰਜਾਬ ਇਸ ਛੋਟਾ ਜਿਹਾ ਸੂਬਾ ਹੈ, ਸਿਰਫ 50362 ਵਰਗ ਕਿਲੋਮੀਟਰ ਦਾ ਅਤੇ, 1991 ਦੀ ਮਰਦਮ-ਸ਼ੁਮਾਰੀ ਦੇ ਅਨੁਸਾਰ, ਇਸ ਦੀ ਜਨ-ਸੰਖਿਆ ਸਿਰਫ 2.2 ਕਰੋੜ ਹੈ ਜਿਸ ਵਿਚੋਂ 70 ਪ੍ਰਤਿਸ਼ਤ ਲੋਕ ਦਿਹਾਤੀ ਇਲਾਕਿਆਂ ਵਿਚ ਵਸ ਰਹੇ ਹਨ। ਜੋ ਕੁਝ ਵੀ ਇਸ ਛੋਟੇ ਸੂਬੇ ਦੀਆਂ ਸਰਹੱਦਾਂ ਅੰਦਰ ਵਾਪਰਿਆ ਹੈ ਉਸ ਦਾ ਅਸਰ ਭਾਰਤ ਦੇ ਦੂਰ ਦੁਰਾਡੇ ਕੋਨਿਆਂ ਅਤੇ ਵਿਸ਼ਵ ਵਿਚ ਵਸਦੇ ਸਿੱਖਾਂ ਤੇ ਪਿਆ ਹੈ ਅਤੇ ਜੋ ਕੁਝ ਉਨ੍ਹਾਂ ਦੁਰਾਡੇ ਕੋਨਿਆਂ ਵਿਚ ਵਸਦੇ ਸਿੱਖਾਂ ਨਾਲ ਵਾਪਰਿਆ ਹੈ ਉਸਦਾ ਅਸਰ ਪੰਜਾਬ ਤੇ ਹੋਇਆ ਹੈ।

ਪਹਿਲਾਂ ਅਸੀਂ ਪੁਰਾਣੇ ਵਕਤ ਵਿਚ ਚੱਲੀਏ ਅਤੇ ਖੁਲ੍ਹਾ ਦ੍ਰਿਸ਼ਟੀਕੋਣ ਅਪਣਾਈਏ। ਭਾਵੇਂ ਅੰਗ੍ਰੇਜ਼ਾਂ ਨੇ ਆਪ ਵੀ ਪਾੜੋ ਅਤੇ ਰਾਜ ਕਰੋ ਦੀ ਨੀਤੀ ਤੋਂ ਫਾਇਦਾ ਉਠਾਇਆ, ਉਨ੍ਹਾਂ ਨੇ ਲਗਾਤਾਰ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਅਸਲ ਵਿਚ ਭਾਰਤ ਦੇਸ਼ ਵਰਗੀ ਕੋਈ ਚੀਜ਼ ਨਹੀਂ ਸੀ - ਇਸ ਉਪ-ਮਹਾਂਦੀਪ ਦੇ ਕੁਦਰਤੀ ਹਾਲਾਤ ਇਹ ਸਨ ਕਿ ਹਜ਼ਾਰਾਂ ਹੀ ਛੋਟੀਆਂ-ਛੋਟੀਆਂ ਵਿਚਾਰਧਾਰਾਵਾਂ ਸਨ, ਜੋ ਲਗਾਤਾਰ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ। ਸਾਮਰਾਜ ਨੇ ਭਾਰਤੀਆਂ ਨੂੰ ਹਮੇਸ਼ਾ ਇਹ ਯਾਦ ਕਰਾਉਣ ਲਈ ਭਰਪੂਰ ਯਤਨ ਕੀਤਾ ਕਿ ਉਨ੍ਹਾਂ ਅਤੇ ਅਰਾਜਿਕਤਾ ਦਰਮਿਆਨ ਸਿਰਫ ਉਹ ਹੀ ਖੜ੍ਹੇ ਹਨ।

ਮੁਸ਼ਕਿਲ ਸ਼ੁਰੂ ਹੋਈ ਭਾਸ਼ਾ ਨਾਲ। ਭਾਸ਼ਾ ਦੇ ਆਧਾਰ ਤੇ ਰਾਜਾਂ ਦੇ ਪੁਨਰਗਠਨ ਦੀ ਮੰਗ ਹਰ ਥਾਂ ਤੇ ਉੱਠਣ ਲੱਗੀ; ਕੇਂਦਰ ਸਰਕਾਰ ਨੇ ਵਿਰੋਧ ਕੀਤਾ ਪਰ ਬਾਅਦ ਵਿਚ ਇਸ ਨਿਰਵਿਵਾਦ ਮੰਗ ਨਾਲ ਸਹਿਮਤ ਹੋ ਗਈ। ਬੰਬਈ ਅਤੇ ਮਦਰਾਸ ਰਾਜਾਂ ਦਾ ਪੁਨਰਗਠਨ ਕੀਤਾ ਗਿਆ ਪਰ ਜਦੋਂ ਇਹੀ ਮੰਗ ਪੰਜਾਬ ਵਿਚ ਉੱਠੀ ਤਾਂ ਇਹ ਮਾਮਲਾ ਅਤਿ ਗੁੰਝਲਦਾਰ ਹੋ ਗਿਆ। ਪੰਜਾਬੀ ਨੂੰ ਸਿੱਖਾਂ ਦੀ ਭਾਸ਼ਾ ਬਣਾ ਦਿੱਤਾ ਗਿਆ, ਇਸ ਤਰ੍ਹਾਂ ਪੰਜਾਬੀ ਬੋਲਦਾ ਇਲਾਕਾ ਸਿੱਖ-ਰਾਜ ਬਣ ਗਿਆ। ਆਜ਼ਾਦੀ ਤੋਂ ਪਹਿਲਾਂ ਸਿੱਖ ਨੇਤਾਵਾਂ ਨੇ ਆਪਣੇ ਵੱਖਰੇ ਰਾਜ ਦੀ ਮੰਗ ਉਠਾਈ ਸੀ, ਜੋ ਕਿ ਕਾਂਗਰਸ ਪਾਰਟੀ ਵਲੋਂ ਕੀਤੇ ਅਸਪੱਸ਼ਟ ਵਾਅਦਿਆਂ ਕਾਰਣ ਵਾਪਸ ਲੈ ਲਈ ਗਈ। ਆਜ਼ਾਦੀ ਤੋਂ

ਬਾਅਦ ਇਸ ਨਵੀਂ "ਭਾਸ਼ਾਈ" ਆਧਾਰ ਤੇ ਇਸ ਮੰਗ ਨੂੰ ਠੁੱਸ ਕਰਨਾ ਬੜਾ ਔਖਾ ਸੀ। ਕੇਂਦਰ ਸਰਕਾਰ ਲਈ ਸਿੱਖਾਂ ਨੂੰ ਆਪਣਾ ਇਕ ਅਲੱਗ ਰਾਜ ਦੇਣ ਦਾ ਵਿਚਾਰ ਇਕ ਡਰਾਉਣਾ ਪ੍ਰਸਤਾਵ ਸੀ। ਪਰ ਕਾਫੀ ਨਾਂਹ-ਨੁੱਕਰ ਅਤੇ ਟਾਲ-ਮਟੋਲ ਤੋਂ ਬਾਅਦ 1966 ਵਿਚ ਇਹ ਮੰਗ ਮੰਨ ਲਈ ਗਈ।

ਉਨ੍ਹਾਂ ਵਰ੍ਹਿਆਂ ਦੌਰਾਨ ਜਦੋਂ ਦੇਸ਼ ਅਜ਼ਾਦੀ ਲਈ ਸੰਘਰਸ਼ ਕਰ ਰਿਹਾ ਸੀ, ਉਮਰ ਕੈਦ ਕੱਟਣ ਵਾਲੇ ਜਾਂ ਸੂਲੀ ਚੜ੍ਹਣ ਵਾਲੇ ਲੋਕਾਂ ਵਿਚੋਂ 80 ਪ੍ਰਤਿਸ਼ਤ ਸਿੱਖ ਸਨ। 1965 ਵਿਚ ਪਾਕਿਸਤਾਨ ਨਾਲ ਹੋਈ ਜੰਗ ਵਿਚ ਸਿੱਖਾਂ ਨੇ ਇਸ ਹਮਲੇ ਦਾ ਵਾਰ ਦੋਨੋ ਰੂਪਾਂ ਵਿਚ, ਫੌਜ ਵਿਚ ਸਿਪਾਹੀ ਦੇ ਤੌਰ ਤੇ ਸਹਿਆ ਅਤੇ ਇਸ ਪੱਖੋਂ ਵੀ ਕਿ ਇਸ ਲੜਾਈ ਦੀ ਜਗ੍ਹਾ (ਵੈਨਿਊ) ਉਨ੍ਹਾਂ ਦੇ ਪਿੰਡ ਅਤੇ ਖੇਤ ਸਨ। ਇਹ ਦੇਖ ਲਿੱਤਾ ਗਿਆ ਸੀ ਕਿ ਸਿੱਖਾਂ ਨੂੰ ਜੇ ਬਹੁਗਿਣਤੀ ਦਾ ਦਰਜਾ ਜਾਂਦਾ ਹੈ ਤਾਂ ਉਹ ਕੇਂਦਰ ਅੱਗੇ ਅੜ ਸਕਦੇ ਹਨ। ਸਿੱਖਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਆਪਣਾ ਰਾਜ ਮਿਲ ਗਿਆ।

ਇਸ ਸਮੇਂ ਦੌਰਾਨ, ਜਿਹੜੇ ਸਿੱਖ ਰੈਡਕਲਿਫ ਰੇਖਾ ਦੇ ਪੱਛਮ ਤੋਂ ਉਜਾੜੇ ਗਏ ਸਨ, ਸਾਰੇ ਭਾਰਤ ਵਿਚ ਫੈਲ ਗਏ। ਪਰ ਹਰਿਆਣਾ, ਦਿੱਲੀ ਅਤੇ ਯੂ.ਪੀ. ਦੇ ਤਰਾਈ ਖੇਤਰ (ਜਿੱਥੇ ਕਿ ਉਹ ਉਦੋਂ ਦੇ ਯੂ.ਪੀ. ਦੇ ਗ੍ਰਿਹ ਮੰਤਰੀ, ਗੋਬਿੰਦ ਬੱਲਭ ਪੰਤ ਦੇ ਸੱਦਣ ਉਤੇ ਗਏ ਸਨ - ਪੰਤ ਤਰਾਈ ਦੇ ਖੇਤਰ, ਜੋ ਕਿ ਉਸ ਸਮੇਂ ਮਲੇਰੀਆ ਯੁਕਤ ਜੰਗਲ ਸੀ, ਨੂੰ ਵਿਕਸਿਤ ਕਰਨਾ ਚਾਹੁੰਦਾ ਸੀ), ਵਿਚ ਭਾਰੀ ਮਾਤਰਾ ਵਿਚ ਵੱਸ ਗਏ।

ਕਿੰਤੂ ਪੰਤ ਇਕੱਲਾ ਹੀ ਸਿੱਖ ਰਫਿਯੂਜੀਆਂ, ਜਿਨ੍ਹਾਂ ਨੇ ਔਖੇ ਖੇਤਰਾਂ ਨੂੰ ਵਿਕਸਿਤ ਕਰਨਾ ਸੀ, ਨੂੰ ਬੁਲਾਉਣ ਵਾਲਾ ਨਹੀਂ ਸੀ। ਆਜ਼ਾਦੀ ਤੋਂ ਤੁਰੰਤ ਬਾਅਦ ਮਹਾਰਾਜਾ ਪਟਿਆਲਾ ਨੇ ਰੇਡਿਓ ਤੇ ਘੋਸ਼ਣਾ ਕਰ ਕੇ ਸਿੱਖ ਰਫਿਊਜੀਆਂ ਨੂੰ ਆਪਣੇ ਰਾਜ ਵਿਚ ਆਉਣ ਲਈ ਸੱਦਾ ਦਿੱਤਾ। ਪਟਿਆਲਾ ਇਕ ਪ੍ਰਮੁੱਖ ਸਿੱਖ ਰਾਜ ਸੀ ਅਤੇ ਇੱਥੋਂ ਵੱਡੀ ਗਿਣਤੀ ਵਿਚ ਮੁਸਲਮਾਨ ਪਾਕਿਸਤਾਨ ਚਲੇ ਗਏ ਸਨ। ਬਹੁਤ ਰਫਿਊਜੀਆਂ ਨੇ ਮਹਾਰਾਜੇ ਦੇ ਸੱਦੇ ਨੂੰ ਹੁੰਗਾਰਾ ਦਿੱਤਾ ਪਰ ਉਸੀ ਸਮੇਂ ਇਸ ਸੱਦੇ ਨੇ ਕਾਂਗਰਸੀ ਨੇਤਾਵਾਂ ਵਿਚ ਖ਼ਤਰੇ ਦਾ ਘੁੱਗੂ ਵਜਾ ਦਿੱਤਾ। ਉਹ ਇਸ ਗੱਲ ਤੋਂ ਖ਼ੁਸ਼ ਨਹੀਂ ਸਨ ਕਿ ਇਕ ਵੱਡਾ ਸਿੱਖ ਰਾਜ ਉਭਰ ਰਿਹਾ ਸੀ।

ਇਸ ਤੋਂ ਪਹਿਲਾਂ ਕਿ ਮਹਾਰਾਜੇ ਦੀਆਂ ਵਸੇਬੇ ਸਬੰਧੀ ਯੋਜਨਾਵਾਂ ਲਾਗੂ ਹੋਣ, ਉਸ ਨੂੰ 'ਰਾਜ ਪ੍ਰਮੁੱਖ' ਬਣਾ ਦਿੱਤਾ ਗਿਆ, ਇਕ ਨਵੇਂ ਬਣਾਏ ਰਾਜ ਜਿਸ ਨੂੰ ਪੰਜਾਬ ਅਤੇ ਈਸਟ ਪੰਜਾਬ ਸਟੇਟਸ ਯੂਨੀਅਨ (ਪੈਪਸੂ) ਕਿਹਾ ਗਿਆ, ਦਾ ਨਾਮ-ਮਾਤਰ ਦਾ ਰਾਜਪਾਲ ਬਣਾ ਦਿੱਤਾ ਗਿਆ। ਕੁਝ ਸਿੱਖ ਕਿਸਾਨਾਂ ਨੂੰ ਪਟਿਆਲਾ ਰਾਜ ਵਿਚ ਵਸਾ ਦਿੱਤਾ ਗਿਆ, ਬਾਕੀ ਰਫਿਊਜੀਆਂ ਨੂੰ ਹੋਰ ਰਾਜਾਂ ਜਿਵੇਂ ਕਿ ਮੱਧ ਪ੍ਰਦੇਸ਼, ਰਾਜਸਥਾਨ, ਪੰਜਾਬ ਦੇ ਪੂਰਬੀ ਜ਼ਿਲ੍ਹਿਆਂ (ਹੁਣ ਹਰਿਆਣਾ) ਅਤੇ ਯੂ.ਪੀ. ਦੇ ਤਰਾਈ ਖੇਤਰ ਵਿਚ ਵਸਾ

ਦਿੱਤਾ ਗਿਆ। ਸ਼ਹਿਰੀ ਸਿੱਖਾਂ ਨੂੰ ਪਟਿਆਲਾ ਸ਼ਹਿਰ ਵਿਚ ਵਸਾਇਆ ਗਿਆ ਅਤੇ ਇਸ ਜਮਾਤ ਦੇ ਵੱਡੇ ਹਿੱਸੇ ਨੂੰ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵੱਲ ਭੇਜ ਦਿੱਤਾ ਗਿਆ।

ਭਾਰਤ ਵਿਚ ਪੰਜਾਬ ਦੇ ਬਾਹਰ ਸਿੱਖਾਂ ਦੀ ਗਿਣਤੀ 50 ਲੱਖ ਦੇ ਕਰੀਬ ਸੀ ਅਤੇ ਇਹ ਗਿਣਤੀ ਅੱਸੀਵਿਆਂ ਤਕ, ਜਦੋਂ ਇਹ ਕਿਰਿਆ ਉਲਟਾਈ ਗਈ, ਬਹੁਤ ਤੇਜ਼ੀ ਨਾਲ ਵੱਧ ਰਹੀ ਸੀ। ਪਹਿਲਾਂ ਧਿਆਨ ਯੂ.ਪੀ., ਐਮ.ਪੀ., ਹਰਿਆਣਾ ਅਤੇ ਰਾਜਸਥਾਨ ਵਲ ਕੇਂਦਰਤ ਸੀ। 1984 ਤੋਂ ਬਾਅਦ, ਕੁਝ ਪੰਜਾਬ ਵੱਲ ਆਉਣੇ ਸ਼ੁਰੂ ਹੋ ਗਏ, ਬਾਕੀ ਦੱਖਣ ਭਾਰਤ ਵਿਚ ਗ਼ੈਰ-ਹਿੰਦੀ ਬੋਲਦੇ ਰਾਜਾਂ ਵੱਲ ਚਲੇ ਗਏ।

ਸਿੱਖ ਕਿਸਾਨੀ ਵੱਸੋਂ ਪੰਜਾਬ ਤੋਂ ਬਾਹਰ ਹਰਿਆਣਾ ਨਾਲ ਲਗਦੇ ਇਲਾਕੇ, ਖ਼ਾਸ ਤੌਰ ਤੇ ਅੰਬਾਲੇ, ਕੁਰੁਕਸ਼ੇਤਰ, ਕਰਨਾਲ, ਹਿਸਾਰ ਅਤੇ ਸਿਰਸਾ, ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ, ਯੂ.ਪੀ. ਦੇ ਤਰਾਈ ਦੇ ਖੇਤਰ ਅਤੇ ਐਚ.ਪੀ. ਦੇ ਊਨਾ ਜ਼ਿਲ੍ਹੇ ਵਿਚ ਵੱਸੀ ਹੋਈ ਸੀ।

ਸਿੱਖ ਸ਼ਹਿਰੀ ਵੱਸੋਂ ਮੁੱਖ ਤੌਰ ਤੇ ਦਿੱਲੀ, ਹਰਿਆਣਾ ਦੇ ਸ਼ਹਿਰਾਂ, ਯੂ.ਪੀ. ਵਿਚ ਲਖਨਊ ਅਤੇ ਕਾਨਪੁਰ, ਬਿਹਾਰ ਵਿਚ ਪਟਨਾ ਅਤੇ ਧਨਬਾਦ ਅਤੇ ਹੁਣ ਇੱਥੋਂ ਤਕ ਕਿ ਬੰਬਈ, ਪੂਨੇ, ਕਲਕੱਤੇ, ਮਦਰਾਸ ਤਕ ਵੱਸੀ ਹੋਈ ਸੀ।

ਕੁਝ ਸਿੱਖ ਸੰਗਤ ਪੰਜਾਬ ਤੋਂ ਬਾਹਰ ਗੁਰੂਆਂ ਦੇ ਸਮੇਂ ਤੋਂ ਰਹਿ ਰਹੀ ਹੈ। ਇਹ ਸਿੱਖ ਸੰਗਤ ਆਸਾਮ ਵਿਚ, ਕਰਨਾਟਕਾ ਵਿਚ ਬਿਦਰ ਅਤੇ ਮਹਾਰਾਸ਼ਟਰਾ ਵਿਚ ਨੰਦੇੜ, ਪਟਨੇ ਵਿਚ ਅਤੇ ਹਿਮਾਲਿਆ-ਪਾਰ ਦੇ ਖੇਤਰਾਂ ਵਿਚ ਅਤੇ ਇਥੋਂ ਤਕ ਕਿ ਅਫਗਾਨਿਸਤਾਨ ਵਿਚ ਵੀ ਵੱਸੀ ਹੋਈ ਹੈ।

ਗੁਰੂ ਨਾਨਕ ਨੇ ਪੱਛਮ ਵਿਚ ਮੱਕੇ ਅਤੇ ਰੋਮ ਤਕ, ਪੂਰਬ ਵਿਚ ਬਰਮਾ ਅਤੇ ਮਨੀਪੁਰ ਤਕ, ਤਿੱਬਤ ਤੋਂ ਲੈ ਕੇ ਸ਼੍ਰੀ ਲੰਕਾ ਤਕ ਦਾ ਸਫਰ ਕੀਤਾ। ਸਗੋਂ ਸਿੱਖ ਇਕ ਚੰਗੇ ਯਾਤਰੂ ਹਨ, ਕਿਉਂਕਿ ਉਨ੍ਹਾਂ ਤੇ ਖਾਣ-ਪੀਣ ਜਾਂ ਜਾਤ-ਪਾਤ ਵਰਗੀਆਂ ਪਾਬੰਦੀਆਂ ਨਹੀਂ ਹਨ, ਜੋ ਕਿ ਉਨ੍ਹਾਂ ਲਈ ਰਹਿਣ-ਸਹਿਣ, ਜਾਂ ਖਾਣ-ਪੀਣ ਆਦਿ ਵਿਚ ਮੁਸ਼ਕਲਾਂ ਖੜ੍ਹੀਆਂ ਕਰ ਸਕਦੀਆਂ ਹਨ।

ਵੰਡ ਨੇ ਸਿੱਖਾਂ ਦੀ ਇਕ ਲਹਿਰ ਦੇਸ਼ ਦੇ ਸਾਰੇ ਹਿੱਸਿਆਂ ਵਿਚ ਪਹੁੰਚਾ ਦਿੱਤੀ। ਸਿੱਖਾਂ ਦੇ ਕੰਮ ਕਰਨ ਦੇ ਢੰਗ ਸਦਕਾ, ਉਹ ਬੜੇ ਥੋੜ੍ਹੇ ਚਿਰ ਵਿਚ ਹੀ ਆਪਣੇ ਆਪ ਨੂੰ ਸਥਾਪਿਤ ਕਰਨ ਵਿਚ ਕਾਮਯਾਬ ਹੋ ਗਏ। ਮੋਟੇ ਤੌਰ ਤੇ ਕੋਈ ਦੋ ਮਿਲੀਅਨ ਲੋਕ ਪੱਛਮੀ ਪੰਜਾਬ, ਬਲੋਚਿਸਤਾਨ ਅਤੇ ਉੱਤਰੀ-ਪੱਛਮੀ ਸਰਹੱਦੀ ਰਾਜਾਂ ਵਿਚੋਂ ਉਜੜੇ ਸਨ। ਕਿਹਾ ਜਾਂਦਾ ਹੈ ਕਿ ਲਗਭਗ 1 ਮਿਲੀਅਨ ਸਿੱਖ ਵੰਡ ਸਮੇਂ ਹੋਏ ਦੰਗਿਆਂ ਵਿਚ ਮਾਰੇ ਗਏ (ਨਾ ਹੀ ਸਿੱਖ ਅਤੇ ਨਾ ਹੀ ਬੰਗਾਲ ਕਦੀ ਕਾਂਗਰਸੀ ਨੇਤਾਵਾਂ ਨੂੰ ਮਾਫ ਕਰਨਗੇ ਜਿਨ੍ਹਾਂ ਨੇ

ਅੰਗ੍ਰੇਜ਼ਾਂ ਦੀ ਪੰਜਾਬ ਅਤੇ ਬੰਗਾਲ ਰਾਜ ਨੂੰ ਵੰਡਣ ਵਾਲੀ ਯੋਜਨਾ ਨੂੰ ਮੰਨਿਆ।)

ਸਿੰਧੀਆਂ ਨੇ ਸਿੱਖਾਂ ਅਤੇ ਹਿੰਦੂਆਂ ਦੇ ਵਿਚਲੇ ਖੇਤਰ ਨੂੰ ਅਪਣਾ ਲਿਆ। ਉਹ ਗੁਰੂ ਨਾਨਕ ਦੇ ਚੰਗੇ ਭਗਤ ਸਨ ਪਰ ਉਨ੍ਹਾਂ ਨੇ ਕਦੀ ਖਾਲਸੇ ਦੇ ਚਿੰਨ੍ਹ ਨੂੰ ਨਹੀਂ ਅਪਣਾਇਆ। ਵੰਡ ਨੇ ਗ਼ੈਰ-ਮੁਸਲਿਮ ਸਿੰਧੀਆਂ ਨੂੰ ਉਨ੍ਹਾਂ ਦੀ ਮਾਤ-ਭੂਮੀ ਤੋਂ ਕੱਢ ਕੇ ਭਾਰਤ ਦੇ ਸ਼ਹਿਰਾਂ, ਮੁੱਖ ਤੌਰ ਤੇ, ਬੰਬਈ, ਗੁਜਰਾਤ ਅਤੇ ਦਿੱਲੀ ਵਿਚ ਭੇਜ ਦਿੱਤਾ। ਭਾਰਤ ਤੋਂ ਬਾਹਰ ਉਹ ਮੁੱਖ ਤੌਰ ਤੇ ਏਸ਼ੀਆ, ਅਫਰੀਕਾ ਅਤੇ ਅਮਰੀਕਾ ਦੀਆਂ ਬੰਦਰਗਾਹਾਂ ਨਾਲ ਲਗਦੇ ਸ਼ਹਿਰਾਂ ਵਿਚ ਵੱਸ ਗਏ।

ਇਹ ਵੇਖਿਆ ਗਿਆ ਕਿ ਉਹ ਸਿੱਖ ਜਿਨ੍ਹਾਂ ਨੂੰ ਉਜਾੜਿਆ ਗਿਆ ਸੀ ਅਤੇ ਭਾਰਤ ਵਿਚ ਦੂਰ-ਦੁਰਾਡੇ ਅਤੇ ਬਾਹਰਲੇ ਮੁਲਕਾਂ ਵਿਚ ਭੇਜਿਆ ਗਿਆ ਸੀ, ਉਨ੍ਹਾਂ ਨੇ ਆਪਣੇ ਆਪ ਨੂੰ ਬਹੁਤ ਜਲਦੀ ਸਥਾਪਿਤ ਕਰ ਲਿਆ ਸੀ। ਸਗੋਂ ਉਹ ਉਨ੍ਹਾਂ ਨਾਲੋਂ ਬਹੁਤ ਜ਼ਿਆਦਾ ਵੱਧੇ-ਫੁੱਲੇ ਜਿਨ੍ਹਾਂ ਨੂੰ ਕਦੀ ਤੰਗ ਨਹੀਂ ਸੀ ਕੀਤਾ ਗਿਆ। ਇਸ ਤਰ੍ਹਾਂ ਉਹ ਉਨ੍ਹਾਂ ਯਹੂਦੀਆਂ ਨਾਲ ਮੇਲ ਖਾਂਦੇ ਸਨ ਜਿਹੜੇ ਜਰ ਜਲਾਵਤਨੀ ਜਾਂ ਅਤਿਆਚਾਰ ਤੋਂ ਬਾਅਦ ਹੋਰ ਤਾਕਤਵਰ ਹੋ ਜਾਂਦੇ ਸਨ। ਲਾਹੌਰ ਦੇ ਗਵਰਨਰ ਮੀਰ ਮੰਨੂ ਦੇ ਅਤਿਆਚਾਰ ਨਾਲ ਸਬੰਧਤ ਇਕ ਅਖਾਣ ਸਿੱਖਾਂ ਵਿਚ ਪ੍ਰਚਲਿਤ ਹੈ :

*ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ*
*ਜਿਉਂ-ਜਿਉਂ ਮੰਨੂ ਵੱਢਦਾ, ਅਸੀਂ ਦੂਣ ਸਵਾਏ ਹੋਏ।*

ਜੇਕਰ ਇਨ੍ਹਾਂ ਦੋਹਾਂ ਭਾਈਚਾਰਿਆਂ ਵਿਚ ਕੋਈ ਅੰਤਰ ਹੈ ਤਾਂ ਉਹ ਇਹ ਹੈ ਕਿ ਯਹੂਦੀ ਇਕ ਤਾਕਤਵਰ ਅਤੇ ਆਪਸੀ ਸਹਾਇਤਾ ਵਾਲਾ ਨੈੱਟਵਰਕ ਸਥਾਪਿਤ ਕਰਨ ਵਿਚ ਕਾਮਯਾਬ ਹੋ ਗਏ ਜਦੋਂ ਕਿ ਸਿੱਖਾਂ ਵਿਚ ਹਰ ਕੋਈ ਆਪਣੇ ਆਪ ਵਿਚ ਸੀਮਿਤ ਰਿਹਾ।

ਇਕ ਚੀਜ਼ ਜਿਹੜੀ ਕਿ ਸੰਕਟ ਸਮੇਂ ਅਤੇ ਅਣਜਾਣ ਹਾਲਤਾਂ ਵਿਚ ਸਿੱਖਾਂ ਦੇ ਮਨੋਬਲ ਨੂੰ ਹਮੇਸ਼ਾਂ ਸ਼ਕਤੀ ਪ੍ਰਦਾਨ ਕਰਦੀ ਰਹੀ ਉਹ ਸੀ ਗੁਰੂ ਨਾਨਕ ਦੀਆਂ ਸਿਖਿਆਵਾਂ। ਇਸ ਤਰ੍ਹਾਂ ਲਗਦਾ ਹੈ ਕਿ ਉਹ ਇਕ ਖ਼ਾਸ ਆਦਮੀ ਨੂੰ ਸੰਬੋਧਿਤ ਕਰ ਰਹੇ ਹਨ ਜਿਹੜਾ ਕਿ ਹਮੇਸ਼ਾਂ ਗਤੀਸ਼ੀਲ ਰਿਹਾ ਹੋਵੇ ਅਤੇ ਜਿਸਨੂੰ ਕਿ ਹਮੇਸ਼ਾਂ ਅਜਨਬੀ ਥਾਵਾਂ ਅਤੇ ਸਭਿਆਤਾਵਾਂ ਅਪਨਾਉਣ ਲਈ ਮਜਬੂਰ ਕੀਤਾ ਗਿਆ ਹੋਵੇ।

ਗੁਰੂ ਨਾਨਕ ਨੇ ਹਮੇਸ਼ਾ ਕਰਮ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਇਹੀ ਕਿਹਾ ਕਿ ਸੱਚ ਨਾਲੋਂ ਮਹਾਨ ਸੱਚਾ ਰਹਿਣ-ਸਹਿਣ ਹੈ। ਮੁਕਤੀ ਲਈ ਉਨ੍ਹਾਂ ਦਾ ਨੁਸਖਾ ਬਹੁਤ ਸਧਾਰਣ ਸੀ : ਕਰਮ ਕਰੋ, ਨਾਮ ਜਪੋ, ਵੰਡ ਛਕੋ।

**ਜਨਮ ਸਾਖੀ,** ਉਹ ਪੁਸਤਕ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਘਟਨਾਵਾਂ ਸ਼ਾਮਲ ਹਨ, ਵਿਚ ਇਕ ਸਾਖੀ ਹੈ ਜਿਹੜੀ ਕਿ

ਸਿੱਖਾਂ ਦੀ ਪ੍ਰਕ੍ਰਿਤੀ ਅਤੇ ਇਤਿਹਾਸ ਦਹਾਂ ਨੂੰ ਪ੍ਰਗਟਾਉਂਦੀ ਹੈ। ਸਾਖੀ ਅਨੁਸਾਰ ਇਕ ਸ਼ਾਮ ਸਾਰਾ ਦਿਨ ਸਫਰ ਕਰਨ ਤੋਂ ਬਾਅਦ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਾਥੀ ਇਕ ਪਿੰਡ ਵਿਚ ਪਹੁੰਚੇ ਅਤੇ ਉਨ੍ਹਾਂ ਤੋਂ ਖਾਣ-ਪੀਣ ਅਤੇ ਰਹਿਣ ਲਈ ਥਾਂ ਬਾਰੇ ਪੁੱਛਿਆ ਪਰ ਉਥੋ ਦੇ ਕਮੀਣੇ ਵਾਸੀਆਂ ਨੇ ਇਨਕਾਰ ਕਰ ਦਿੱਤਾ। ਮੀਲ ਕੁ ਅੱਗੇ ਜਾ ਕੇ ਇਕ ਹੋਰ ਪਿੰਡ ਆਇਆ। ਇਥੋਂ ਦੇ ਵਾਸੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਲਈ ਸਾਫ-ਸੁੱਥਰੇ ਕਮਰੇ ਦਾ ਇੰਤਜ਼ਾਮ ਕੀਤਾ, ਜੋ ਉਨ੍ਹਾਂ ਕੋਲ ਸਭ ਤੋਂ ਵਧੀਆ ਖਾਣਾ ਸੀ ਉਨ੍ਹਾਂ ਨੂੰ ਖਵਾਇਆ ਅਤੇ ਜਦੋਂ ਗੁਰੂ ਜੀ ਅਰਾਮ ਕਰ ਰਹੇ ਸਨ, ਤਾਂ ਉਨ੍ਹਾਂ ਦੇ ਉਪਦੇਸ਼ ਸੁਣੇ।

ਅਗਲੇ ਦਿਨ ਗੁਰੂ ਨਾਨਕ ਅਤੇ ਉਨ੍ਹਾਂ ਦੇ ਸਾਥੀ ਅੱਗੇ ਤੁਰ ਪਏ। ਦੂਰੋਂ ਉਸ ਪਿੰਡ ਵਲ, ਜਿੱਥੋਂ ਦੇ ਲੋਕਾਂ ਨੇ ਉਨ੍ਹਾਂ ਨੂੰ ਕੁਝ ਨਹੀਂ ਸੀ ਦਿੱਤਾ, ਵੱਲ ਵੇਖ ਕੇ ਗੁਰੂ ਜੀ ਨੇ ਕਿਹਾ ਕਿ "ਇਹ ਲੋਕ ਹਮੇਸ਼ਾਂ ਇੱਥੇ ਵਸਦੇ ਰਹਿਣ ਜਿੱਥੇ ਇਹ ਹਨ, ਇਨ੍ਹਾਂ ਨੂੰ ਕੋਈ ਤੰਗ ਨਾ ਕਰੇ, ਇਹ ਉਜੜਣ ਨਾ" ਅਤੇ ਚੰਗੇ ਸਲੂਕ ਵਾਲੇ ਪਿੰਡ ਵੱਲ ਮੁੜ ਕੇ ਕਿਹਾ ਕਿ : "ਇਹ ਸਾਰੇ ਲੋਕ ਖਿੰਡ ਜਾਣ।"

ਜਦੋਂ ਉਨ੍ਹਾਂ ਦੇ ਸਾਥੀਆਂ ਨੇ ਇਸ ਅਜੀਬ ਦੁਆ ਤੇ ਆਪਣੀ ਆਪੱਤੀ ਜ਼ਾਹਰ ਕੀਤੀ ਤਾਂ ਉਨ੍ਹਾਂ ਨੇ ਇਸਦਾ ਅਰਥ ਦੱਸਿਆ ਕਿ ਨੇਕੀ ਇਕ ਛੋਟੀ ਜਿਹੀ ਥਾਂ ਜਾਂ ਕੁਝ ਬੰਦਿਆਂ ਵਿਚ ਸੀਮਿਤ ਨਹੀਂ ਰਹਿਣੀ ਚਾਹੀਦੀ, ਇਹ ਫੈਲਣੀ ਚਾਹੀਦੀ ਹੈ। ਇਸ ਸਾਖੀ ਤੋਂ ਸਿੱਖਾਂ ਦੇ ਸਾਰੇ ਸੰਸਾਰ ਵਿਚ ਫੈਲਣ ਦਾ ਅਨੁਮਾਨ ਪਹਿਲਾਂ ਤੋਂ ਹੀ ਲੱਗ ਗਿਆ ਸੀ।

ਪੁਨਰਗਠਨ ਤੋਂ ਕੁਝ ਸਾਲਾਂ ਬਾਅਦ ਪੰਜਾਬ ਨੇ ਭਾਰਤ ਵਿਚ ਸਭ ਤੋਂ ਖ਼ੁਸ਼ਹਾਲ ਅਤੇ ਉਨੱਤ ਰਾਜ ਦੀ ਥਾਂ ਪ੍ਰਾਪਤ ਕਰ ਲਈ, ਇਕ ਤਰ੍ਹਾਂ ਨਾਲ ਇਹ ਸਾਰੇ ਦੇਸ਼ ਦਾ ਅੰਨ-ਭੰਡਾਰ ਸੀ, ਅਤੇ ਫਿਰ ਵੀ ਕੇਂਦਰ ਨੇ ਪੰਜਾਬ ਅਤੇ ਸਿੱਖਾਂ ਪ੍ਰਤੀ ਆਪਣਾ ਅੜੀਅਲ ਰਵੱਈਆ ਨਹੀਂ ਬਦਲਿਆ। ਰਾਜ ਦੀਆਂ ਵਾਗਾਂ ਖਿੱਚ ਕੇ ਰੱਖੀਆਂ ਗਈਆਂ। ਇਨ੍ਹਾਂ ਸਾਰੇ ਸਾਲਾਂ ਦੌਰਾਨ ਕੇਂਦਰ ਦੇ ਰਵੱਈਏ ਨੇ ਸਿੱਖਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਉਨ੍ਹਾਂ ਤੇ ਵਿਸ਼ਵਾਸ ਨਹੀਂ ਕੀਤਾ ਜਾਂਦਾ।

ਨੋਟ : 1982 ਵਿਚ, ਏਸ਼ੀਅਨ ਖੇਡਾਂ ਦੇ ਸਮੇਂ, ਕੇਂਦਰ ਸਰਕਾਰ ਨੂੰ ਇਹ ਡਰ ਸੀ ਕਿ ਸਿੱਖ ਇਸ ਮੌਕੇ ਨੂੰ ਆਪਣੀਆਂ ਸ਼ਿਕਾਇਤਾਂ ਅੰਤਰ-ਰਾਸ਼ਟਰੀ ਭਾਈਚਾਰੇ ਅੱਗੇ ਉਭਾਰਨ ਲਈ ਵਰਤ ਸਕਦੇ ਹਨ। ਹਰਿਆਣਾ ਅਤੇ ਦਿੱਲੀ ਪੁਲਿਸ ਨੂੰ ਇਹ ਹੁਕਮ ਦਿੱਤੇ ਗਏ ਕਿ ਪੰਜਾਬ-ਹਰਿਆਣਾ ਵੱਲੋਂ ਦਿੱਲੀ ਨੂੰ ਆਉਣ ਵਾਲੇ ਸਾਰੇ ਸਿੱਖਾਂ ਨੂੰ ਰੋਕੋ ਅਤੇ ਉਨ੍ਹਾਂ ਦੀ ਤਲਾਸ਼ੀ ਲਈ ਜਾਵੇ। ਇਕ ਵਾਰ ਤਾਂ ਇਹ ਜਾਲ ਸਭ ਉਤੇ ਇਕੋ ਜਿਹਾ ਗਿਰਿਆ ਅਤੇ ਉਹ ਸਿੱਖ ਜੋ ਆਪਣੇ ਆਪ ਨੂੰ ਵੀ.ਆਈ.ਪੀ. ਸਮਝਦੇ ਸਨ, ਨੂੰ ਵੀ.ਓ.ਪੀ. (O

ਦਾ ਅਰਥ Ordinary) ਦਾ ਸੁਆਦ ਚੱਖਣਾ ਪਿਆ ਜੋ ਆਮ ਸਿੱਖ ਹਰ ਰੋਜ਼ ਚੱਖਦਾ ਸੀ।

ਜਨਰਲ, ਸੰਸਦ ਦੇ ਮੈਂਬਰ ਅਤੇ ਇਥੋਂ ਤਕ ਕਿ ਕਾਂਗਰਸੀ ਨੇਤਾਵਾਂ ਨੂੰ ਵੀ ਉਨ੍ਹਾਂ ਦੀਆਂ ਕਾਰਾਂ ਤੋਂ ਥੱਲੇ ਉਤਾਰਿਆ ਗਿਆ ਅਤੇ ਦੋਸ਼ੀ ਠਹਿਰਾਉਣ ਵਾਲੇ ਸਮਾਨ ਦੀ ਭਾਲ ਕੀਤੀ ਗਈ। ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਪੁਲਿਸ ਦਾ ਕੁਰੱਖਤ ਰੂਪ ਦੇਖਿਆ, ਉਨ੍ਹਾਂ ਵਿਚ ਮਹਾਰਾਜਾ ਅਮਰਿੰਦਰ ਸਿੰਘ, ਐਮ.ਪੀ. ਅਤੇ ਉਨ੍ਹਾਂ ਦੀ ਪਤਨੀ, ਏਅਰ ਚੀਫ ਮਾਰਸ਼ਲ ਅਰਜਨ ਸਿੰਘ, ਬੰਗਲਾਦੇਸ਼ ਦੇ ਹੀਰੋ ਜਨਰਲ ਜਗਜੀਤ ਸਿੰਘ ਅਰੋੜਾ ਸ਼ਾਮਲ ਸਨ। ਹਰਿਆਣਾ ਅਤੇ ਪੰਜਾਬ ਹਾਈ ਕੋਰਟ ਦੇ ਇਕ ਜੱਜ ਨੂੰ ਰਸਤੇ ਵਿਚ ਇੰਨੀ ਕੁ ਵਾਰ ਰੋਕਿਆ ਗਿਆ ਕਿ ਉਸਨੂੰ ਰਾਜਧਾਨੀ ਪਹੁੰਚਣ ਲਈ ਚਾਰ ਘੰਟਿਆਂ ਦੇ ਸਫਰ ਨੂੰ ਪੂਰਾ ਕਰਦਿਆਂ ਅੱਠ ਘੰਟੇ ਲੱਗ ਗਏ। ਇਕ ਕਾਂਗਰਸ ਐਮ.ਪੀ. ਅਮਰਜੀਤ ਕੌਰ ਨੂੰ ਹਰਿਆਣਾ ਪੁਲਿਸ ਵਲੋਂ ਉਸ ਨਾਲ ਅਤੇ ਉਸਦੇ ਪਤੀ ਨਾਲ ਕੀਤੇ ਗਏ ਸਲੂਕ ਉਤੇ ਇਤਨਾ ਗੱਸਾ ਆਇਆ ਕਿ ਉਸਨੇ ਸੰਸਦ ਵਿਚ ਇਸ ਸਬੰਧੀ ਇਤਰਾਜ਼ ਪ੍ਰਗਟਾਇਆ।

ਹਜ਼ਾਰਾਂ ਵਿਚੋਂ ਕੁਝ ਇਕ ਸਿੱਖ ਹੀ ਅਜਿਹੇ ਸਨ ਜੋ ਸਦਾ ਆਪਣੇ ਆਪ ਨੂੰ ਇੰਨਾ ਸਨਮਾਨ ਯੋਗ ਸਮਝਦੇ ਸਨ ਕਿ ਇਹ ਕਿਸੇ ਸ਼ੱਕ ਦੇ ਘੇਰੇ ਵਿਚ ਆਉਂਦੇ। ਹਜ਼ਾਰਾਂ ਸਿੱਖਾਂ ਨੂੰ ਬੱਸਾਂ ਅਤੇ ਕਾਰਾਂ ਵਿਚੋਂ ਉਤਾਰਿਆ ਗਿਆ ਜਾਂ ਉਨ੍ਹਾਂ ਨੂੰ ਇੰਨੀ ਕੁ ਦੇਰ ਕਰਵਾ ਦਿੱਤੀ ਗਈ ਕਿ ਉਨ੍ਹਾਂ ਦੇ ਦਿੱਲੀ ਪਹੁੰਚਣ ਤਕ ਏਸ਼ੀਅਨ ਖੇਡਾਂ ਦਾ ਆਰੰਭਿਕ ਸਮਾਰੋਹ ਸਮਾਪਤ ਹੋ ਚੁੱਕਾ ਸੀ।

ਪਰ ਇਹ ਸਿਰਫ ਸ਼ੁਰੂਆਤ ਸੀ। ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਵਿਚਲੇ ਸਿੱਖਾਂ ਨੂੰ ਤਲਾਸ਼ੀ ਦੇਣ ਦੀ ਆਦਤ ਪੈ ਚੁੱਕੀ ਸੀ। ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਘੇਰੇਬੰਦੀ ਅਤੇ ਘਰਾਂ ਦੀ ਤਲਾਸ਼ੀ ਰੋਜ਼ ਦੀ ਗੱਲ ਬਣ ਚੁੱਕੀ ਸੀ। ਸਰਹੱਦੀ ਜ਼ਿਲ੍ਹਿਆਂ ਵਿਚ 'ਓਪਰੇਸ਼ਨ ਵੁੱਡਰੋਜ਼' ਦੌਰਾਨ 15 ਤੋਂ 60 ਸਾਲ ਦੇ ਸਾਰੇ ਤੰਦਰੁਸਤ ਬੰਦਿਆਂ ਨੂੰ ਸੁਰੱਖਿਆ ਦਲਾਂ ਵਲੋਂ ਫੜ੍ਹ ਲਿਆ ਗਿਆ।

ਰਿਬੈਰੋ ਆਪਣੀ ਪੁਸਤਕ ਵਿਚ ਸੜਕ-ਨਾਕਿਆਂ ਬਾਰੇ ਜ਼ਿਕਰ ਕਰਦੇ ਹਨ: "ਇਸ ਤੋਂ ਸਿੱਖ ਬਹੁਤ ਤੰਗ ਹੋਏ ਕਿਉਂਕਿ ਉਨ੍ਹਾਂ ਨੂੰ ਕਈ ਵਾਰ ਬਿਨਾਂ ਵਜ੍ਹਾ ਸੀ ਆਰ ਪੀ ਐਫ ਦੁਆਰਾ ਲਗਾਤਾਰ ਤੰਗ ਕੀਤਾ ਜਾਂਦਾ ਸੀ। ਇਸ ਸਬੰਧ ਵਿਚ ਮੈਨੂੰ ਇਕ ਘਟਨਾ ਯਾਦ ਆ ਗਈ। ਗੁਰਬਚਨ ਸਿੰਘ ਜਗਤ, ਡੀ ਆਈ ਜੀ (ਇੰਟੈਲੀਜੈਂਸੀ), ਜਿਹੜਾ ਇਸ ਵਕਤ ਜੰਮੂ ਅਤੇ ਕਸ਼ਮੀਰ ਦਾ ਡਾਇਰੈਕਟਰ ਜਨਰਲ ਹੈ, ਨੇ ਕੁਝ ਸਿੱਖ ਵਿਅਕਤੀਆਂ ਸਮੇਤ ਜਲੰਧਰ ਵਿਖੇ ਮੇਰੇ ਨਾਲ ਇਕ ਮੀਟਿੰਗ ਰੱਖੀ। ਉਹ ਲੋਕ ਸਿਆਸਤਦਾਨ ਨਹੀਂ ਸਨ ਬਲਕਿ ਤਕੜੇ ਸਰਮਾਏਦਾਰ ਵਿਅਕਤੀ ਸਨ। ਉਹ ਲਗਭਗ ਵੀਹ ਵਿਅਕਤੀ ਸਨ।

ਇਕ ਨੂੰ ਛੱਡ ਕੇ, ਜਿਹੜਾ ਮੋਨਾ ਸੀ, ਬਾਕੀ ਸਾਰਿਆਂ ਦੇ ਚੇਹਰਿਆਂ ਤੇ ਦਾੜ੍ਹੀਆਂ ਸਨ ਅਤੇ ਉਨ੍ਹਾਂ ਨੇ ਪੱਗਾਂ ਬੰਨ੍ਹੀਆਂ ਹੋਈਆਂ ਸਨ। ਮੋਨਾ ਆਦਮੀ ਮੇਰੇ ਜੱਟ ਸਿੱਖ ਮੇਜ਼ਬਾਨ ਦਾ ਭਰਾ ਸੀ। ਮੇਰੇ ਮੇਜ਼ਬਾਨ ਨੇ ਗਿਲਾ ਕੀਤਾ ਕਿ ਜਦੋਂ ਉਹ ਅਤੇ ਉਸਦਾ ਇਹ ਮੋਨਾ ਭਾਈ ਇਕੋ ਕਾਰ ਵਿਚ ਜਲੰਧਰ ਤੋਂ ਚੰਡੀਗੜ੍ਹ ਨੂੰ ਜਾ ਰਹੇ ਸਨ ਤਾਂ ਰਸਤੇ ਵਿਚ ਉਸਨੂੰ ਸੀ ਆਰ ਪੀ ਐਫ ਦੇ ਨਾਕਿਆਂ ਤੇ ਬਾਰ-ਬਾਰ ਪ੍ਰੇਸ਼ਾਨ ਕੀਤਾ ਗਿਆ ਲੇਕਿਨ ਉਸਦੇ ਇਸ ਮੋਨੇ ਭਰਾ ਨੂੰ ਕੁਝ ਨਹੀਂ ਸੀ ਕਹਿੰਦੇ। ਮੈਂ ਇਹ ਕਹਾਣੀ ਸੀ ਆਰ ਪੀ ਐਫ ਦੇ ਕਈ ਕਮਾਂਡਰਾਂ ਅਤੇ ਜਵਾਨਾਂ ਨੂੰ ਉਨ੍ਹਾਂ ਨੂੰ ਸੰਬੋਧਨ ਕਰਦੇ ਸਮੇਂ ਸੁਣਾਈ। ਮੈਨੂੰ ਨਹੀਂ ਪਤਾ ਕਿ ਇਹ ਕਹਾਣੀ ਸੁਣਾਉਣ ਦਾ ਉਨ੍ਹਾਂ ਤੇ ਕਿੰਨਾ ਕੁ ਅਸਰ ਹੋਇਆ। ਇਸ ਪਖਪਾਤੀ ਰਵੱਈਏ ਨੂੰ ਆਸਾਨੀ ਨਾਲ ਨਹੀਂ ਦੂਰ ਕੀਤਾ ਜਾ ਸਕਦਾ। ਉਹ ਆਪਣੇ ਜੋਸ਼ (ਜਜ਼ਬੇ) ਤੇ ਟਿਕੇ ਹੋਏ ਸਨ ਅਤੇ ਆਪਣੀ ਅਕਲ ਜਾਂ ਸੋਚ ਤੋਂ ਕੰਮ ਨਹੀਂ ਲੈਂਦੇ ਸਨ।"

ਭਾਰਤ ਦੇ ਗ੍ਰਿਹ ਸਕੱਤਰ ਆਰ. ਡੀ. ਪਰਧਾਨ ਨੇ ਆਪਣੀ ਪੁਸਤਕ "**ਵਰਕਿੰਗ ਵਿਦ ਰਾਜੀਵ ਗਾਂਧੀ**" ਵਿਚ ਅੰਦਰੂਨੀ ਸੁਰੱਖਿਆ ਮੰਤਰੀ, ਅਰੁਨ ਨਹਿਰੂ ਦੇ ਦੀਮਾਗੀ ਤਵਾਜ਼ਨ ਬਾਰੇ ਜ਼ਿਕਰ ਕੀਤਾ ਹੈ। ਦਿੱਲੀ ਵਿਚ ਕੁੱਝ ਬੰਬ ਧਮਾਕਿਆਂ ਤੋਂ ਬਾਅਦ ਉਸ ਨੇ ਆਪਣੇ ਨਿਵਾਸ ਅਸਥਾਨ ਤੇ ਕੁਝ ਸੀਨੀਅਰ ਅਧਿਕਾਰੀਆਂ ਦੀ ਇਕ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਕੈਬਨਿਟ ਸਕੱਤਰ, ਰਾਅ ਦੇ ਮੁੱਖੀ ਜੀ. ਸੀ. ਸਕਸੈਨਾ, ਗ੍ਰਿਹ ਸਕੱਤਰ ਆਰ. ਡੀ. ਪਰਧਾਨ ਅਤੇ ਇੰਟੈਲੀਜੈਂਸੀ ਬਿਊਰੋ ਦੇ ਡਾਇਰੈਕਟਰ ਮਿਸਟਰ ਐਚ. ਏ. ਬਰਾੜੀ ਸ਼ਾਮਲ ਹੋਏ। ਮਿਸਟਰ ਪਰਧਾਨ ਨੇ ਲਿਖਿਆ ਕਿ ਅਰੁਨ ਨਹਿਰੂ ਨੇ ਅਫ਼ਸਰਾਂ ਨੂੰ ਹਦਾਇਤ ਕੀਤੀ: "ਕਿ ਸਾਨੂੰ ਦਿੱਲੀ ਦੀਆਂ ਗਲੀਆਂ ਵਿਚ ਰਾਤ ਨੂੰ ਫਿਰਦੇ ਕਿਸੇ ਵੀ ਸਿੱਖ ਨੂੰ ਪਕੜਨ ਲਈ ਇਕ ਮੁਹਿੰਮ ਚਲਾਉਣੀ ਚਾਹੀਦੀ ਹੈ। ਉਹ ਹਿੰਦੂਆਂ ਦੀ ਇਸ ਪੱਖੋਂ ਵਰਤੋਂ ਕਰਨਾ ਚਾਹੁੰਦਾ ਸੀ। ਮੈਂ ਮਹਿਸੂਸ ਕੀਤਾ ਕਿ ਉਹ ਸਿੱਖਾਂ ਨੂੰ ਹਿੰਦੂਆਂ ਤੋਂ ਬਚਾਉਣ ਦੀ ਕੋਈ ਗੱਲ ਨਹੀਂ ਕਰ ਰਿਹਾ ਸੀ, ਉਹ ਤਾਂ ਸਿੱਖਾਂ ਨੂੰ ਇਕ ਸਬਕ ਸਿਖਾਉਣਾ ਚਾਹੁੰਦਾ ਸੀ। ਬਲਕਿ ਉਸ ਨੇ ਕੁਝ ਸ਼ਕਤੀਸ਼ਾਲੀ ਕਾਰਵਾਈਆਂ ਕਰਨ ਬਾਰੇ ਸੁਝਾਅ ਵੀ ਦਿੱਤਾ।"

ਭਰੋਸੇਯੋਗ ਸੂਤਰਾਂ ਤੋਂ ਇਹ ਪਤਾ ਲੱਗਿਆ ਹੈ ਕਿ ਜਿਸ ਸਮੇਂ ਦੌਰਾਨ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ, ਹਵਾਈ ਫੌਜ ਨੂੰ ਇਹ ਸਥਾਈ ਹੁਕਮ ਸਨ ਕਿ ਜਦੋਂ ਵੀ ਕਦੀ ਉਹ ਹਵਾਈ ਜਹਾਜ਼ ਵਿਚ ਉੜਾਨ ਕਰ ਰਿਹਾ ਹੋਵੇ, ਸਿੱਖ ਪਾਇਲਟਾਂ ਨੂੰ ਧਰਤੀ ਤੇ ਹੀ ਰੱਖਿਆ ਜਾਵੇ। ਪਿਛਲੇ ਦਹਾਕੇ ਦੌਰਾਨ ਉਨ੍ਹਾਂ ਕੁਝ ਕੁ ਗਿਣਵੇਂ ਮੌਕਿਆਂ ਤੇ ਜਦੋਂ ਪ੍ਰਧਾਨ ਮੰਤਰੀ ਪੰਜਾਬ ਆਇਆ ਪੰਜਾਬ ਪੁਲਿਸ ਕੋਲੋਂ ਹਥਿਆਰ ਲੈ ਲਏ ਗਏ ਅਤੇ ਉਸਨੂੰ ਉਸਦੇ ਰਾਹ ਤੋਂ ਪਰ੍ਹੇ ਰਖਿਆ ਗਿਆ। ਜੋ ਸੜਕ ਤੇ ਨਜ਼ਰ ਆਏ ਉਹ ਲਾਠੀਆਂ ਨਾਲ ਹੁੰਦੇ।

ਭਾਰਤ ਦੀ ਆਜ਼ਾਦੀ ਸਮੇਂ ਭਾਰਤੀ ਫੌਜ ਵਿਚ 17 ਪ੍ਰਤਿਸ਼ਤ ਸਿੱਖ ਸਨ। ਇਸ ਨੂੰ ਲਗਾਤਾਰ ਘਟਾਇਆ ਗਿਆ ਇਸ ਲਈ ਇਹ ਹੁਣ 6 ਪ੍ਰਤਿਸ਼ਤ ਦੇ ਲਗਭਗ ਰਹਿ ਗਏ ਹਨ। ਭਰਤੀ ਦਾ ਢੰਗ ਯੋਗਤਾ ਤੋਂ ਬਦਲ ਕੇ ਪ੍ਰਤਿਨਿਧ ਅਨੁਪਾਤ ਦੇ ਹਿਸਾਬ ਨਾਲ ਕਰ ਦਿੱਤਾ ਗਿਆ ਹੈ। ਇਸ ਦੇ ਅਨੁਸਾਰ ਕੁਲ ਜਨ-ਸੰਖਿਆ ਦੇ ਹਿਸਾਬ ਨਾਲ ਸਿੱਖਾਂ ਨੂੰ 1.8 ਪ੍ਰਤਿਸ਼ਤ ਤਕ ਘਟਾਉਣਾ ਚਾਹੀਦਾ ਹੈ।

ਸਰਕਾਰ ਦਾ ਫੌਜ ਵਿਚਲੇ ਸਿੱਖਾਂ ਪ੍ਰਤੀ ਸਾਵਧਾਨੀ ਭਰੇ ਰਵੱਈਏ ਦਾ ਇਕ ਹੋਰ ਸੰਕੇਤ ਸਿੱਖ ਰੈਜਮੈਂਟ ਦੇ ਰੈਜਮੈਂਟਲ ਕੇਂਦਰ ਦੀ ਕੀਤੀ ਤਬਦੀਲੀ ਅਤੇ ਮੁੜ ਤਬਦੀਲੀ ਵਿਚੋਂ ਦੇਖਿਆ ਜਾ ਸਕਦਾ ਹੈ। ਇਹ ਕੇਂਦਰ ਅਸਲ ਵਿਚ ਅੰਬਾਲਾ (ਜੋ 1966 ਵਿਚ ਪੰਜਾਬ ਵਿਚ ਸੀ) ਵਿਚ ਸੀ। ਫਿਰ ਇਹ ਯੂ.ਪੀ. ਵਿਚ ਮੇਰਠ ਵਿਚ ਬਦਲ ਦਿੱਤਾ ਗਿਆ ਅਤੇ ਫਿਰ ਹੋਰ ਅੱਗੇ ਪੰਜਾਬ ਤੋਂ 800 ਕਿਲੋਮੀਟਰ ਦੂਰ ਬਿਹਾਰ ਵਿਚਲੇ ਰਾਮਗੜ੍ਹ ਵਿਚ। ਇਨ੍ਹਾਂ ਦੇ ਮੁਕਾਬਲੇ ਬਿਹਾਰ ਰੈਜਮੈਂਟਲ ਕੇਂਦਰ ਪਟਨਾ, ਬਿਹਾਰ ਦੀ ਰਾਜਧਾਨੀ, ਵਿਚ ਹੈ, ਜਾਟ ਰੈਜਮੈਂਟ ਉੱਤਰ ਪ੍ਰਦੇਸ਼ ਵਿਚਲੇ ਜਾਟ ਪ੍ਰਧਾਨ ਕੇਂਦਰ ਬਰੇਲੀ ਵਿਚ ਸਥਿਤ ਹੈ, ਰਾਜਪੁਤਾਨਾ ਰਾਈਫਲ ਆਪਣੇ ਘਰ ਤੋਂ ਨੇੜੇ ਦਿੱਲੀ ਵਿਖੇ ਸਥਿਤ ਹੈ। ਹੋਰ ਅਜਿਹੇ ਰੈਜਮੈਂਟਲ ਕੇਂਦਰ ਵੀ ਉਨ੍ਹਾਂ ਦੇ ਭਰਤੀ ਕੇਂਦਰ ਤੇ ਜਾਂ ਨੇੜੇ ਸਥਿਤ ਹਨ।

ਜਿਨ੍ਹਾਂ ਆਦਮੀਆਂ ਨੇ ਇਕੋ ਤਰ੍ਹਾਂ ਦੇ ਜੁਰਮ ਕੀਤੇ ਸਨ, ਉਨ੍ਹਾਂ ਨੂੰ ਉਨ੍ਹਾਂ ਦੇ ਧਰਮ ਅਤੇ ਰਾਜਨੀਤਕ ਸਬੰਧਾਂ ਦੇ ਆਧਾਰ ਤੇ ਵੱਖੋ-ਵੱਖਰਾ ਸਲੂਕ ਕੀਤਾ ਗਿਆ। 1984 ਵਿਚ, ਓਪਰੇਸ਼ਨ ਬਲਿਊਸਟਾਰ ਤੋਂ ਥੋੜ੍ਹੀ ਦੇਰ ਬਾਅਦ ਹੀ, ਨੌਂ ਸਿੱਖ ਨੌਜਵਾਨਾਂ ਨੇ ਦਿੱਲੀ ਤੋਂ ਸ਼੍ਰੀਨਗਰ ਜਾਣ ਵਾਲਾ ਹਵਾਈ ਜਹਾਜ਼ ਅਗਵਾ ਕਰ ਲਿਆ ਅਤੇ ਉਸ ਨੂੰ ਲਾਹੌਰ ਲੈ ਗਏ। ਉਨ੍ਹਾਂ ਨੇ ਵਾਪਸ ਆਉਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੀ ਸਜ਼ਾ ਪਾਕਿਸਤਾਨ ਵਿਚ ਹੀ ਭੁਗਤਣ ਨੂੰ ਠੀਕ ਸਮਝਿਆ। ਉਨ੍ਹਾਂ ਨੇ ਹੁਣੇ ਹੀ ਉਥੇ ਆਪਣੀਆਂ ਸਜ਼ਾਵਾਂ ਪੂਰੀਆਂ ਕੀਤੀਆਂ ਹਨ ਅਤੇ ਭਾਰਤ ਸਰਕਾਰ, ਪਾਕਿਸਤਾਨ ਤੇ ਜ਼ੋਰ ਪਾ ਰਹੀ ਹੈ ਕਿ ਉਨ੍ਹਾਂ ਨੂੰ ਭਾਰਤ ਦੇ ਹਵਾਲੇ ਕੀਤਾ ਜਾਵੇ ਤਾਂ ਕਿ ਉਨ੍ਹਾਂ ਨੂੰ ਭਾਰਤ ਵਿਚ ਵੀ ਸਜ਼ਾ ਦਿੱਤੀ ਜਾ ਸਕੇ। (ਉਨ੍ਹਾਂ ਨੇ ਰਾਜਨੀਤਕ ਸ਼ਰਣ ਲਈ ਬੇਨਤੀ ਕੀਤੀ ਹੈ, ਪਰ ਇਸ ਪੁਸਤਕ ਦੇ ਲਿੱਖਣ ਤਕ ਇਹ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਨਾਲ ਕੀ ਵਾਪਰਨ ਵਾਲਾ ਹੈ।)

ਇਸਦਾ ਮੁਕਾਬਲਾ ਬਿਹਾਰ ਦੇ ਉਨ੍ਹਾਂ ਨੌਜਵਾਨਾਂ ਨਾਲ ਕੀਤੇ ਗਏ ਸਲੂਕ ਨਾਲ ਕਰੋ ਜਿਨ੍ਹਾਂ ਨੇ 1977 ਵਿਚ ਸ਼੍ਰੀਮਤੀ ਗਾਂਧੀ ਦੀ ਗਿਰਫਤਾਰੀ ਦੇ ਰੋਸ ਵਜੋਂ ਪਟਨਾ ਤੋਂ ਨੇਪਾਲ ਜਾਣ ਵਾਲਾ ਹਵਾਈ ਜਹਾਜ਼ ਅਗਵਾ ਕੀਤਾ ਸੀ। ਜਦੋਂ ਸ਼੍ਰੀਮਤੀ ਗਾਂਧੀ 1979 ਵਿਚ ਸੱਤਾ ਵਿਚ ਆਈ ਤਾਂ ਉਨ੍ਹਾਂ ਨੂੰ ਇਨਾਮ ਵਜੋਂ ਬਿਹਾਰ ਵਿਧਾਨ ਸਭਾ ਦੀ ਚੋਣ ਲੜਨ ਲਈ ਟਿਕਟਾਂ ਦਿੱਤੀਆਂ ਗਈਆਂ

ਅਤੇ ਪਾਰਟੀ ਮਦਦ ਨਾਲ ਚੁਣੇ ਗਏ।

ਜਦੋਂ ਮੇਨਕਾ ਗਾਂਧੀ, ਰਾਜੀਵ ਗਾਂਧੀ ਦੇ ਛੋਟੇ ਭਰਾ ਸੰਜੇ ਦੀ ਵਿਧਵਾ , ਰਾਜੀਵ ਗਾਂਧੀ ਦੇ ਖਿਲਾਫ ਅਮੇਠੀ ਤੋਂ ਚੋਣ ਲੜਨ ਲਈ ਖੜ੍ਹੀ ਹੋਈ ਤਾਂ ਕਾਂਗਰਸ ਨੇ ਦੀਵਾਰਾਂ ਉੱਤੇ ਨਾਅਰੇ ਲਿੱਖਣ ਵਾਲੇ ਗਿਰੋਹ ਦੀਆਂ ਵਾਗਾਂ ਖੁਲ੍ਹੀਆਂ ਛੱਡ ਦਿੱਤੀਆਂ ਅਤੇ ਪਿੰਡਾਂ ਦੀਆਂ ਕੰਧਾਂ ਇਸ ਨਾਅਰੇ ਨਾਲ ਭਰ ਦਿੱਤੀਆਂ ਗਈਆਂ "ਸਰਦਾਰ ਕੀ ਬੇਟੀ, ਗੱਦਾਰ ਕੀ ਬੇਟੀ"। ਇਸਨੂੰ ਪ੍ਰੈਸ ਅਤੇ ਭਾਰਤ ਦੇ ਰਾਸ਼ਟਰੀ ਟੈਲੀਵਿਜ਼ਨ ਚੈਨਲ ਨੇ ਪੂਰੀ ਤਰ੍ਹਾਂ ਪ੍ਰਚਾਰਿਤ ਕੀਤਾ।

ਕਈ ਮੌਕਿਆਂ ਤੇ, ਉੱਚ ਪਦਵੀਆਂ ਦੀ ਕਤਾਰ ਵਿਚਲੇ ਸਿੱਖ ਅਫਸਰਾਂ ਨੂੰ ਬਿਨਾਂ ਕਾਰਣ ਸੁਪਰਸੀਡ ਕੀਤਾ ਗਿਆ ਅਤੇ ਜੋ ਕਿ ਨਿਯੁਕਤੀਆਂ ਦੀਆਂ ਪਿਛਲੀਆਂ ਉਦਾਹਰਣਾਂ ਦੇ ਬਿਲਕੁਲ ਉਲਟ ਸੀ।

ਇਹ ਵਰਤਾਰਾ ਸੁਰੱਖਿਆ ਬਲਾਂ ਵਿਚ ਆਜ਼ਾਦੀ ਤੋਂ ਬਾਅਦ ਅਕਸਰ ਦੇਖਿਆ ਗਿਆ ਹੈ। ਬਾਰਮਬਾਰ, ਸੀਨੀਅਰ ਸਿੱਖ ਜਰਨੈਲਾਂ ਨੂੰ ਫੌਜ ਦੇ ਮੁੱਖੀ ਦੀ ਪਦਵੀ ਲਈ ਬਾਈਪਾਸ ਕੀਤਾ ਗਿਆ : ਕੁਲਵੰਤ ਸਿੰਘ, ਹਰਬਖ਼ਸ਼ ਸਿੰਘ, ਜਗਜੀਤ ਸਿੰਘ ਅਰੋੜਾ ਅਤੇ ਪਿਛੇ ਜਿਹੇ ਸੁਰਿੰਦਰ ਸਿੰਘ ਅਜਿਹੇ ਵਿਅਕਤੀ ਹਨ ਜਿਨ੍ਹਾਂ ਦੇ ਨਾਂ ਇਕਦਮ ਦਿਮਾਗ ਵਿਚ ਆਉਂਦੇ ਹਨ। (ਜੇਕਰ ਦੇਖਿਆ ਜਾਵੇ, ਤਾਂ ਕਿਸੇ ਮੁਸਲਿਮ ਦਾ ਕਦੇ ਚੀਫ਼ ਆਫ਼ ਆਰਮੀ ਸਟਾਫ਼ ਦੇ ਰੈਂਕ ਤਕ ਪਹੁੰਚਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।)

ਇਕ ਭਰੋਸੇਯੋਗ ਫੌਜੀ ਸੂਤਰ ਨੇ ਇਹ ਪੱਕੇ ਤੌਰ ਤੇ ਦੱਸਿਆ ਹੈ ਕਿ ਇਕੱਲੀ ਇਕ ਕਮਾਂਡ ਵਿਚ ਹੀ 250 ਅਫ਼ਸਰਾਂ ਦੀ "ਗੰਭੀਰ ਪੁੱਛਗਿੱਛ" ਕੀਤੀ ਗਈ। ਇਸਦੇ ਨਤੀਜੇ ਵਜੋਂ ਉਨ੍ਹਾਂ ਦੀ ਤਰੱਕੀ ਰੋਕ ਦਿੱਤੀ ਗਈ। ਇਹ ਸੋਚਦੇ ਹੋਏ ਕਿ ਪੰਜ ਕਮਾਂਡਾਂ ਹਨ, ਜਲ ਸੈਨਾ ਅਤੇ ਹਵਾਈ ਸੈਨਾ ਵੀ, ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਕ ਸਮੇਂ 1500 ਤੋਂ 2000 ਅਫ਼ਸਰ ਤਾਂ ਸ਼ੱਕ ਦੇ ਘੇਰੇ ਵਿਚ ਹੋਣਗੇ। ਇਸ ਦਾ ਅਸਰ ਮਨੋਬਲ ਗਿਰਾਉਣ ਵਾਲਾ ਸੀ; ਅਤੇ ਇਹ ਸਾਰੇ ਪਾਸੇ ਫੈਲ ਗਿਆ। ਬਿਨਾਂ ਸ਼ੱਕ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਨਿਆਂਪਾਲਕਾ ਵਿਚ ਅਜਿਹੇ ਕੁਝ ਕੇਸਾਂ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਸੁਪਰੀਮ ਕੋਰਟ ਦੇ ਬੈਂਚ ਦੇ ਸਾਰੇ ਜੱਜਾਂ ਵਿਚੋਂ ਜਸਟਿਸ ਕੁਲਦੀਪ ਸਿੰਘ ਸਭ ਤੋਂ ਸੀਨੀਅਰ ਸੀ ਅਤੇ ਫਿਰ ਵੀ ਉਸਦੇ ਜੂਨੀਅਰ ਨੂੰ ਚੀਫ਼ ਜਸਟਿਸ ਨਿਯੁਕਤ ਕੀਤਾ ਗਿਆ, ਪਿਛਲੀਆਂ ਸਾਰੀਆਂ ਉਦਾਹਰਣਾਂ ਦੇ ਉਲਟ ਅਤੇ ਬਾਵਜੂਦ ਇਸਦੇ ਕਿ ਜਸਟਿਸ ਕੁਲਦੀਪ ਸਿੰਘ ਦੀ ਸੰਵਿਧਾਨਿਕ ਕਾਨੂੰਨ ਦੇ ਵਿਆਖਿਆਕਾਰ ਵਜੋਂ ਬਹੁਤ ਮਾਨਤਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਸਵਿੰਦਰ ਸਿੰਘ ਸੋਢੀ ਦਾ ਕੇਸ ਵੀ ਦਿਮਾਗ ਵਿਚ ਆਉਂਦਾ ਹੈ। (ਪਿਛਲੇ ਸਮੇਂ ਵਿਚ ਨਿਆਂਪਾਲਕਾ ਪੂਰੀ ਤਰ੍ਹਾਂ ਬ੍ਰਾਹਮਣਾਂ ਦੇ

ਹੱਥ ਵਿਚ ਸੀ। ਜਦੋਂ ਘੱਟ-ਗਿਣਤੀਆਂ ਜਿਵੇਂ ਕਿ ਔਰਤਾਂ ਜਾਂ ਮੁਸਲਮਾਨਾਂ ਵਲ ਕੋਈ ਟੋਕਨ ਜੈਸਚਰ ਕਰਨਾ ਜ਼ਰੂਰੀ ਹੋ ਜਾਂਦਾ ਸੀ ਤਾਂ ਉਸ ਦਾ ਉੱਤਰ ਹੁੰਦਾ ਸੀ ਕਿਸੇ ਮੁਸਲਮਾਨ ਔਰਤ ਨੂੰ ਜੱਜ ਨਿਯੁਕਤ ਕਰ ਦੇਣਾ।)

ਇਕ ਅਜਿਹਾ ਕੇਸ ਜਿਸ ਵਿਚ ਇਕ ਸਿੱਖ ਸਿਵਲ ਅਧਿਕਾਰੀ ਜਿਸਨੂੰ ਕਿ ਉਸਦਾ ਬਣਦਾ ਹੋਇਆ ਹੱਕ ਨਹੀਂ ਮਿਲਿਆ, ਕੇਂਦਰੀ ਸਰਕਾਰੀ ਦੇ ਸਕੱਤਰ ਮਨੋਹਰ ਸਿੰਘ ਗਿੱਲ ਦਾ ਹੈ। ਇਹ ਭਾਰਤ ਦੀ ਸਭ ਤੋਂ ਉੱਚੀ ਸਿਵਲ ਸੇਵਾਵਾਂ ਦੀ ਪਦਵੀ, ਭਾਰਤ ਸਰਕਾਰ ਦੇ ਕੈਬਨਿਟ ਸਕੱਤਰ ਦੀ ਨਿਯੁਕਤੀ ਦੀ ਕਤਾਰ ਵਿਚ ਸੀ। ਪਰ ਉਸ ਨੂੰ ਚੋਣ ਕਮਿਸ਼ਨਰ ਦੇ ਦਫ਼ਤਰ ਵਿਚ ਸੁੱਟ ਦਿੱਤਾ ਗਿਆ ਜਿੱਥੇ ਉਸਨੂੰ ਕਿਸੇ ਵੀ ਹੈਸੀਅਤ ਵਿਚ ਕੰਮ ਕਰਨ ਦੀ ਆਗਿਆ ਨਹੀਂ ਸੀ ਅਤੇ ਉਸਨੂੰ ਰੋਜ਼ਾਨਾ ਟੀ.ਐਨ. ਸੇਸ਼ਨ ਦੀ ਨਰਾਜ਼ਗੀ ਅਤੇ ਬੇਇੱਜ਼ਤੀ ਦਾ ਸਾਹਮਣਾ ਕਰਨਾ ਪੈਂਦਾ ਸੀ।

ਇਨ੍ਹਾਂ ਸਾਰੇ ਦਬਾਓ ਅਤੇ ਵਖਰੇਵਿਆਂ ਨੇ ਸਿੱਖਾਂ ਨੂੰ ਇਹ ਮਹਿਸੂਸ ਕਰਵਾਇਆ ਕਿ ਭਾਰਤ ਵਿਚ ਉਹ ਹਮੇਸ਼ਾ ਦੂਜੇ ਦਰਜੇ ਦੇ ਨਾਗਰਿਕ ਰਹਿਣਗੇ।

ਵਖਰੇ ਸੂਬੇ ਦਾ ਦਰਜਾ ਪ੍ਰਾਪਤ ਕਰ ਲੈਣ ਦੀ ਕ੍ਰਿਆ ਨੇ ਭੈੜਾ ਸੁਆਦ ਵੀ ਛੱਡਿਆ ਸੀ : ਜਨ ਸੰਘ (ਬੀ.ਜੇ.ਪੀ. ਦੀ ਜਨਮ ਦਾਤਾ) ਨੇ ਹਿੰਦੂਆਂ ਕੋਲੋਂ ਪੰਜਾਬੀ ਦਾ ਨਿਰਾਦਰ ਕਰਵਾਉਣ ਲਈ ਪੂਰੀ ਵਾਹ ਲਗਾ ਦਿੱਤੀ ਅਤੇ ਕਾਂਗਰਸ ਇਹ ਸਭ ਕੁਝ ਦੇਖਣ ਲਈ ਸੋਚ ਚੁੱਕੀ ਸੀ। ਭਾਵੇਂ ਸਿੱਖਾਂ ਦੇ ਪ੍ਰਤੀਨਿਧ ਅਕਾਲੀਆਂ ਨੇ ਆਖਰਕਾਰ ਕੇਂਦਰ ਕੋਲੋਂ ਰਾਜ ਹਾਸਲ ਕਰ ਲਿਆ ਪਰ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿਚ ਰਾਜ ਨਾ ਕਰਨ ਦਿੱਤਾ ਗਿਆ।

ਇਹ ਉਹ ਪਰਸਪਰ ਵਿਰੋਧੀ ਗੱਲ ਹੈ ਜੋ ਇਸ ਸਾਰੇ ਅਰਸੇ ਦੌਰਾਨ ਕਾਰਜਸ਼ੀਲ ਰਹੀ : ਕੇਂਦਰ ਨੇ ਸਿੱਖਾਂ ਨੂੰ ਇਕ ਰਾਜ ਦਿੱਤਾ ਸੀ ਕਿਉਂ ਜੋ ਉਸਨੇ ਇਨ੍ਹਾਂ ਨੂੰ ਇਸ ਉਤੇ ਰਾਜ ਨਹੀਂ ਸੀ ਕਰਨ ਦੇਣਾ। ਸ਼ਾਇਦ ਉਨ੍ਹਾਂ ਨੂੰ ਇਹ ਵਿਸ਼ਵਾਸ ਸੀ ਕਿ ਉਹ ਹਮੇਸ਼ਾ ਇਕ ਮਾਮੂਲੀ ਬਹੁਗਿਣਤੀ ਖੇਤਰ ਨੂੰ ਆਪਣੇ ਹਿੱਤਾਂ ਵਿਚ ਵਰਤ ਸਕਣਗੇ ਜਿਵੇਂ ਕਿ ਇਨ੍ਹਾਂ ਨੇ ਭਾਰਤੀ ਦ੍ਰਿਸ਼ ਨੂੰ ਉੱਚੀਆਂ ਜਾਤਾਂ ਅਤੇ ਦਲਿਤਾਂ ਦੇ ਮੇਲ ਨਾਲ ਆਪਣੇ ਹਿੱਤਾਂ ਵਿਚ ਵਰਤਿਆ ਸੀ।

ਸਿੱਖ ਰਾਜ ਦੀ ਮੰਗ '20ਵਿਆਂ ਵਿਚ ਐਸ ਜੀ ਪੀ ਸੀ ਦੁਆਰਾ ਮਤਾ ਪਾਸ ਕਰ ਕੇ ਉਠਾਈ ਗਈ। ਇਸਦੀ ਹਿਮਾਇਤ ਸਰਦਾਰ ਸਵਰਨ ਸਿੰਘ ਨੇ ਕੀਤੀ (ਜੋ ਬਾਅਦ ਵਿਚ ਕਾਂਗਰਸ ਵਿਚ ਮਿਲ ਗਏ ਅਤੇ ਬਾਅਦ ਵਿਚ ਇੰਦਰਾ ਗਾਂਧੀ ਦੀ ਸਰਕਾਰ ਵਿਚ ਕੈਬਨਿਟ ਮੰਤਰੀ ਵੀ ਰਹੇ।) ਜਦੋਂ 1952 ਵਿਚ ਅਪਣਾਏ ਗਏ ਸੰਵਿਧਾਨ ਦੇ ਖਰੜੇ ਵਿਚ ਸਿੱਖਾਂ ਨੂੰ ਖ਼ੁਦਮੁਖ਼ਤਿਆਰੀ, ਜੋ ਕਿ ਆਜ਼ਾਦੀ ਤੋਂ ਪਹਿਲਾਂ ਦੀ ਕਾਂਗਰਸ ਨੇ ਸਿੱਖਾਂ ਨੂੰ ਦੇਣ ਦਾ ਵਾਅਦਾ ਕੀਤਾ ਸੀ, ਨਹੀਂ ਦਿੱਤੀ ਗਈ ਤਾਂ ਸੰਵਿਧਾਨਿਕ ਸੰਸਦ ਦੇ ਦੋ ਸਿੱਖ ਮੈਂਬਰਾਂ ਵਲੋਂ ਇਸ ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ ਗਈ

(ਇਨ੍ਹਾ ਵਿਚੋਂ ਇਕ ਹੁਕਮ ਸਿੰਘ ਸਨ ਜੋ ਬਾਅਦ ਵਿਚ ਲੋਕ ਸਭਾ ਦੇ ਸਪੀਕਰ ਵੀ ਬਣੇ।)

1966 ਤੱਕ ਸਿੱਖ ਕਾਂਗਰਸ ਨੇਤਾਵਾਂ ਦੀ ਸ਼ੁਭ ਇੱਛਾ ਤੇ ਨਿਰਭਰ ਸਨ ਅਤੇ ਉਮੀਦ ਕਰਦੇ ਸਨ ਕਿ ਸਮੇਂ ਦੇ ਨਾਲ ਆਜ਼ਾਦੀ ਤੋਂ ਪਹਿਲਾਂ ਕੀਤੇ ਗਏ ਵਾਅਦਿਆ ਨੂੰ ਪੂਰਾ ਕੀਤਾ ਜਾਵੇਗਾ। ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਕਾਂਗਰਸ ਨੇ ਸਿੱਖਾਂ ਨੂੰ ਜਿਸ ਤਰ੍ਹਾਂ ਦਾ ਹੁੰਗਾਰਾ ਭਰਿਆ ਉਸਨੇ ਕਾਂਗਰਸ ਜਾਂ ਕੇਂਦਰ ਪ੍ਰਤੀ ਆਖਰੀ ਉਮੀਦ ਨੂੰ ਦੂਰ ਕਰ ਦਿੱਤਾ। ਭਾਈਚਾਰੇ ਦਾ ਰਾਜਨੀਤਿਕਰਨ ਬੇਢੱਬੇ ਲੈਣ-ਦੇਣ ਦੇ ਦਿਨਾਂ ਵਿਚ ਹੀ ਸ਼ੁਰੂ ਹੋ ਗਿਆ ਸੀ।

1978 (ਰਾਜ ਦੇ ਪੁਨਰਗਠਨ ਤੋਂ 10 ਸਾਲਾਂ ਤੋਂ ਵੀ ਘੱਟ ਸਮਾਂ ਅਤੇ ਸਿੱਖ ਸੰਵਿਧਾਨਿਕ ਸਭਾ ਦੇ ਮੈਂਬਰਾਂ ਵਲੋਂ ਗੱਲਬਾਤ ਵਿਚੋਂ ਉਕਤਾ ਕੇ ਵਾਪਸ ਆਉਣ ਦੇ 20 ਸਾਲ ਮਗਰੋਂ, ਅਕਾਲੀ ਲੁਧਿਆਣਾ ਵਿਚ ਇਕੱਠੇ ਹੋਏ ਅਤੇ ਪੰਜਾਬ ਲਈ ਖੁਦਮੁਖ਼ਤਿਆਰੀ ਦੀ ਮੰਗ ਕੀਤੀ। ਇਸ ਪਹਿਲੇ ਦਸਤਾਵੇਜ਼, ਜਿਹੜਾ ਬਾਅਦ ਵਿਚ ਆਨੰਦਪੁਰ ਸਾਹਿਬ ਮਤੇ ਵਜੋਂ ਜਾਣਿਆ ਗਿਆ, ਦਾ ਖਰੜਾ ਰਿਟਾਇਰਡ ਆਈ.ਸੀ.ਐਸ. ਕਪੂਰ ਸਿੰਘ ਨੇ 1973 ਵਿਚ ਆਨੰਦਪੁਰ ਸਾਹਿਬ ਵਿਖੇ ਤਿਆਰ ਕੀਤਾ ਸੀ ਅਤੇ ਕੁਝ ਭਰੋਸੇਯੋਗ ਸੂਤਰਾਂ ਅਨੁਸਾਰ ਇਸਨੂੰ ਮਾਰਕਸੀ ਨੇਤਾ ਜਯੋਤੀ ਬਾਸੂ (ਬਾਅਦ ਦੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ) ਨੇ ਸੋਧਿਆ ਸੀ। 1978 ਦਾ ਮਤਾ ਕੁਝ ਹੋਰ ਸਹਾਇਕ ਬੰਦਿਆਂ ਦੇ ਦਬਾਅ ਕਾਰਣ ਥੋੜ੍ਹਾ ਘਟਾਇਆ ਹੋਇਆ ਰੂਪ ਸੀ।

ਉਸ ਸਮੇਂ ਕਮਿਊਨਿਸਟ ਭਾਰਤ ਵਿਚ ਸੰਘ ਰਾਜ ਦੇ ਹੱਕ ਵਿਚ ਸਨ। ਬਾਅਦ ਵਿਚ ਜਦੋਂ ਉਹ ਪੰਜਾਬ, ਕੇਰਲਾ, ਆਂਧਰਾ, ਪੱਛਮੀ ਬੰਗਾਲ ਦੇ ਸਦਨ ਵਿਚ ਭਾਰੀ ਬਹੁਮਤ ਅਤੇ ਜੇ ਐਂਡ ਕੇ ਵਿਚ ਮਜ਼ਬੂਤ ਗਿਣਤੀ ਹਾਸਲ ਕਰਨ ਵਿਚ ਕਾਮਯਾਬ ਹੋ ਗਏ ਤਾਂ ਉਹ ਦੇਸ਼ ਦੇ ਰਾਜਨੀਤਿਕ ਦ੍ਰਿਸ਼ ਤੇ ਭਾਰੂ ਹੋਣ ਦੀ ਝਲਕ ਵੇਖਣ ਲੱਗੇ। ਇਹ ਉਹ ਸਮਾਂ ਸੀ ਜਦੋਂ ਉਨ੍ਹਾਂ ਨੇ ਸੰਘ ਰਾਜ ਦੀ ਮੰਗ ਦੀ ਹਮਾਇਤ ਦਾ ਰਾਹ ਛੱਡ ਦਿੱਤਾ ਅਤੇ ਜ਼ਿਆਦਾ ਕੇਂਦਰੀਕ੍ਰਿਤ ਸਰਕਾਰ ਦਾ ਸਮਰਥਨ ਕਰਨ ਲੱਗੇ। ਹੁਣ ਸੋਵੀਅਤ ਯੂਨੀਅਨ ਦੇ ਵਿਘਟਨ ਤੋਂ ਬਾਅਦ ਭਾਰਤੀ ਕਮਿਊਨਿਸਟਾਂ ਨੇ ਕੇਂਦਰੀਕਰਣ ਵਿਚ ਆਪਣੀ ਸਥਿਤੀ ਬਾਰੇ ਦੁਬਾਰਾ ਤੋਂ ਸੋਚਣਾ ਸ਼ੁਰੂ ਕਰ ਦਿੱਤਾ ਹੈ ਅਤੇ ਹੌਲੀ-ਹੌਲੀ ਸੰਘ ਰਾਜ ਦੀ ਹਮਾਇਤ ਵੱਲ ਵੱਧਣ ਲੱਗੇ ਹਨ।

ਇਸ ਮਤੇ ਵਿਚ ਇਕ ਰਾਸ਼ਟਰੀ ਰਾਜਨੀਤਿਕ ਢਾਂਚਾ ਮਿੱਥਿਆ ਗਿਆ ਜੋ ਮਜ਼ਬੂਤ ਸੀ ਪਰ ਸੰਘ ਰਾਜ ਪ੍ਰਬੰਧ ਸੀ। ਜਿਸ ਵਿਚ ਸੁਰੱਖਿਆ, ਆਰਥਿਕ, ਅੰਤਰ-ਰਾਸ਼ਟਰੀ ਮੁੱਦੇ, ਡਾਕ ਅਤੇ ਤਾਰ ਅਤੇ ਰੇਲਵੇ ਦੇ ਪ੍ਰਬੰਧ ਕੇਂਦਰ ਕੋਲ ਰੱਖ ਕੇ ਬਾਕੀਆਂ ਦੀ ਆਜ਼ਾਦੀ ਰਾਜਾਂ ਨੂੰ ਦੇ ਦਿੱਤੀ ਜਾਵੇ। ਇਸ ਮਤੇ ਵਿਚ ਇਹ ਇਕਰਾਰ ਕੀਤਾ ਗਿਆ ਕਿ ਸਾਰੇ ਰਾਜਾਂ ਨੂੰ ਵੋਟ ਪਾਉਣ ਦਾ ਹੱਕ ਇੱਕੋ ਜਿਹਾ ਹੋਵੇਗਾ। ਇਸ ਦਾ ਮੁੱਖ ਮੰਤਵ ਘੱਟ ਗਿਣਤੀਆਂ ਦੇ

ਸੱਭਿਆਚਾਰ ਅਤੇ ਧਰਮ, ਜਿਸਨੂੰ ਆਮ ਬੋਲੀ ਵਿਚ "ਬੋਲ-ਬਾਲਾ" ਕਿਹਾ ਗਿਆ ਹੈ, ਨੂੰ ਸੁਰੱਖਿਅਤ ਕਰਨਾ ਸੀ। (ਇਸ ਸਬੰਧ ਵਿਚ ਉਦਾਹਰਣ ਲਈ ਜਾ ਸਕਦੀ ਹੈ ਫ਼ਰੈਂਚ ਕੈਨੇਡੀਅਨਾਂ ਦੀ ਆਪਣੀ ਬੋਲੀ ਅਤੇ ਵੱਖਰੇ ਸਭਿਆਚਾਰਕ ਵਿਰਸੇ ਨੂੰ ਬਚਾਉਣ ਲਈ ਵੱਖਰੇ ਕਿਊਬੈਕ ਦੀ ਮੰਗ ਦੀ।)

ਇਹ ਯਾਦ ਰਹੇ ਕਿ ਐਸ ਜੀ ਪੀ ਸੀ ਦਾ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਿਸਟ) ਦੇ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਦੇ ਨੇੜਲਾ ਵਿਸ਼ਵਾਸਪਾਤਰ ਸੀ। ਹਰਕਿਸ਼ਨ ਸਿੰਘ ਸੁਰਜੀਤ 1973 ਦੇ ਮਤੇ ਨੂੰ ਫਿੱਕਾ ਪਾਉਣ ਅਤੇ ਪੰਜ ਸਾਲਾਂ ਮਗਰੋਂ ਸੋਧੇ ਰੂਪ ਨੂੰ ਲਿਆਉਣ ਦਾ ਸਿਹਰਾ ਆਪਣੇ ਸਿਰ ਲੈ ਰਿਹਾ ਹੈ। 21.1.1997 ਦੇ **ਇੰਡੀਅਨ ਐਕਸਪ੍ਰੈਸ** ਵਿਚ ਵਿਜੇ ਸਿਨਹਾ ਨੇ ਲਿਖਿਆ ਹੈ ਕਿ ਸੁਰਜੀਤ ਕਹਿ ਰਿਹਾ ਹੈ ਕਿ : ਕੋਈ ਸ਼ੱਕ ਨਹੀਂ ਕਿ 1978 ਵਿਚ ਮੈਂ ਅਕਾਲੀਆਂ ਦੀ ਖ਼ਤਰਨਾਕ ਰਸਤਾ ਛੱਡਣ ਵਿਚ ਸਹਾਇਤਾ ਕੀਤੀ ਅਤੇ ਲੁਧਿਆਣਾ ਵਿਖੇ ਅਕਾਲੀ ਕਾਨਫਰੰਸ ਵਿਚ ਆਨੰਦਪੁਰ ਮਤੇ ਦਾ ਸੋਧਿਆ ਹੋਇਆ ਰੂਪ ਅਪਣਾਇਆ ਗਿਆ। ਮੈਂ ਇਸਦਾ ਸਿਹਰਾ ਆਪਣੇ ਸਿਰ ਲੈਂਦਾ ਹਾਂ।"

1978 ਦੇ ਸੋਧੇ ਹੋਏ ਮਤੇ ਨਾਲ ਕੇਂਦਰ ਨਾਲ ਇਕ ਆਮ ਬੋਲਚਾਲ ਸਥਾਪਿਤ ਹੋ ਗਈ। ਇਸਨੂੰ ਲੁਕਾਉਣ ਲਈ ਸਿੱਖਾਂ ਦੇ "ਬੋਲ-ਬਾਲਾ" ਸ਼ਬਦ ਬਾਰੇ ਬਹੁਤ ਰੌਲਾ ਪਾਇਆ ਗਿਆ। ਇਸਤੇ ਇਤਰਾਜ਼ ਉਠਾਇਆ ਗਿਆ ਕਿਉਂਕਿ ਇਹ ਮੰਨਿਆ ਗਿਆ ਸੀ ਕਿ ਪਾਰਟੀ ਨੇ ਆਪਣਾ ਪ੍ਰਤੀਬਿੰਬ ਇਕ ਜਮਹੂਰੀ ਪਾਰਟੀ ਦੇ ਰੂਪ ਵਿਚ ਬਦਲ ਲਿਆ ਸੀ। ਇਹ ਯਾਦ ਰਹੇ ਕਿ ਇਹ ਸੰਚਾਰ ਦਾ ਕੇਂਦਰ ਹਵਾਲੇ ਕੀਤਾ ਜਾਣਾ ਹੀ ਸੀ ਜਿਸਨੇ ਰਾਜਾਂ ਨੂੰ ਕੇਂਦਰ ਦੇ ਨਿਯੰਤ੍ਰਣ ਹੇਠ ਲਿਆਂਦਾ। ਸਿੱਕਮ ਨੇ ਵੀ ਸੰਚਾਰ ਪ੍ਰਦਾਨ ਕੀਤਾ ਪਰ ਇਹ ਲੰਬੇ ਸਮੇਂ ਤਕ ਬਾਹਰ ਰਹਿਣ ਅਤੇ ਅਰਥ-ਸੁਤੰਤਰ ਰਹਿਣ ਵਿਚ ਕਾਮਯਾਬ ਰਿਹਾ ਕਿਉਂਕਿ ਭਾਰਤ ਨੂੰ ਇਹ ਡਰ ਸੀ ਕਿ ਜੇ ਸਿੱਕਮ ਦੁਆਲੇ "ਵਾਗਾਂ ਕੱਸੀਆਂ" ਗਈਆਂ ਤਾਂ ਭੂਟਾਨ ਦੂਰ ਹੱਟ ਜਾਵੇਗਾ। ਅਸਲ ਵਿਚ ਇਹ ਹੀ ਵਾਪਰਿਆ, ਕਿਉਂਜੋ ਭੂਟਾਨ ਨੇ ਸੰਚਾਰ ਆਪਣੇ ਪਾਸ ਰਖਿਆ ਸੀ, ਉਹ ਬਹੁਤ ਅਸਰਦਾਇਕ ਰੂਪ ਵਿਚ ਆਪਣੇ ਆਪ ਨੂੰ ਦੂਰ ਕਰਨ ਵਿਚ ਕਾਮਯਾਬ ਹੋ ਗਿਆ।

ਤਾਰਕਿਕ ਪਦਾਰਥਵਾਦ ਦੇ ਚੈਂਪੀਅਨਜ਼ ਵਜੋਂ ਜੇ ਵੇਖਿਆ ਜਾਵੇ, ਤਾਂ ਹਰਕਿਸ਼ਨ ਸਿੰਘ ਦਾ ਕੇਸ ਬੜਾ ਰੋਚਕ ਹੈ। ਵੇਖਣ ਪੱਖੋਂ ਉਸਨੂੰ ਕਿਸੇ ਅਕਾਲੀ ਜੱਥੇਦਾਰ ਨਾਲੋਂ ਵਖਰਾਉਣਾ ਮੁਸ਼ਕਿਲ ਹੈ। ਉਸਦੇ ਸ਼ੁਰੂ ਦੇ ਸਾਲਾਂ ਬਾਰੇ ਇਹ ਕਹਾਣੀ ਦੱਸੀ ਜਾਂਦੀ ਹੈ ਕਿ ਉਹ ਸੋਵੀਅਤ ਯੂਨੀਅਨ ਗਿਆ ਅਤੇ ਦਾੜ੍ਹੀ ਅਤੇ ਪੱਗ ਹਟਾ ਕੇ ਕਮਿਊਨਿਸਟਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਨਿਭਾਉਣਾ ਚਾਹੁੰਦਾ ਸੀ। ਸੋਵੀਅਤ ਨੇਤਾਵਾਂ ਨੇ ਉਸ ਨੂੰ ਸਲਾਹ ਦਿੱਤੀ ਕਿ ਆਪਣੇ ਲੋਕਾਂ ਨੂੰ ਜਿੱਤਣ ਲਈ ਉਸਨੂੰ ਆਪਣੀ ਸਭਿਆਚਾਰਕ ਕੁੜਿੱਕੀ

ਰੱਖਣੀ ਪਏਗੀ।

ਇਹ ਪਾਠ ਗੁਰਚਰਨ ਸਿੰਘ ਟੌਹੜਾ ਲਈ ਵੀ ਵਧੀਆ ਰਿਹਾ ਹੈ ... ਭਾਵੇਂ ਥੋੜ੍ਹੇ ਵੱਖਰੇ ਢੰਗ ਨਾਲ ਹੀ ਸਹੀ। ਬੋਲਚਾਲ ਦੇ ਤੌਰ ਤੇ, ਉਹ ਹਵਾ ਦੇ ਰੁੱਖ ਨਾਲ ਚਲਦਾ ਹੈ - ਪਰ ਕ੍ਰਿਆਤਮਕ ਤੌਰ ਤੇ ਉਹ ਆਪਣੇ ਸਵੈ-ਹਿੱਤ ਤੋਂ ਕਦੀ ਨਹੀਂ ਹੱਟਿਆ। ਟੌਹੜੇ ਦੇ ਇਕ ਨੇੜਲੇ ਵਿਸ਼ਵਾਸਪਾਤਰ ਅਤੇ ਰਾਜ ਵਿਧਾਨ ਸਭਾ ਵਿਚ ਮੇਰੇ ਸਾਥੀ (ਜੋ ਕਿ ਗੁਜ਼ਰ ਗਏ ਹਨ) ਨੇ ਬੜੇ ਭਰੋਸੇ ਨਾਲ ਮੈਨੂੰ ਦੱਸਿਆ ਕਿ ਟੌਹੜੇ ਦੀਆਂ ਸਾਫ਼ ਹਦਾਇਤਾਂ ਪਾਰਟੀ ਸਭਾ ਵਿਚ ਮਤੇ ਬਾਰੇ ਬਹਿਸ ਜਾਂ ਚਰਚਾ ਦੀ ਇਜਾਜ਼ਤ ਨਹੀ ਦਿੰਦੀਆਂ ਸਨ। ਟੌਹੜੇ ਨੇ ਆਨੰਦਪੁਰ ਸਾਹਿਬ ਦੇ ਮਤੇ ਦੀ ਚਰਚਾ ਉਦੋਂ ਸ਼ੁਰੂ ਕੀਤੀ ਜਦੋਂ ਸਿੱਖਾਂ ਦੀ ਮੰਗ ਵੱਖਰੇ ਰਾਜ ਤਕ ਵੱਧ ਗਈ।

ਇਹ ਯਾਦ ਕੀਤਾ ਜਾਵੇ ਕਿ ਵੱਖਰੇ ਰਾਜ ਦੀ ਮੰਗ ਨੂੰ ਫਿਕਾ ਕਰਨ ਲਈ, ਟੌਹੜਾ ਨੇ ਆਪਣੇ ਸੇਵਾਦਾਰ ਅਕਾਲ ਤਖ਼ਤ ਦੇ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਦੁਆਰਾ ਸਾਰੇ ਅਕਾਲੀ ਦਲਾਂ ਨੂੰ ਇਕੱਠਾ ਕਰਨ ਦੇ ਬਹਾਨੇ ਸੰਘ ਰਾਜ ਦੀ ਇਕ ਆਮ ਮੰਗ ਰੱਖੀ। ਸਿਮਰਨਜੀਤ ਸਿੰਘ ਮਾਨ ਅਤੇ ਹੋਰਨਾਂ ਨੇ ਅਕਾਲ ਤਖ਼ਤ ਦੇ ਜੱਥੇਦਾਰ ਵਲੋਂ ਰੱਖੀ ਸੰਘ ਰਾਜ ਦੀ ਮੰਗ ਲਈ ਆਪਣੀ ਵੱਖਰੇ ਰਾਜ ਦੀ ਮੰਗ ਛੱਡ ਦਿੱਤੀ। ਸਾਰੇ ਸਿੱਖ ਨੇਤਾਵਾਂ ਸਮੇਤ ਸੁਰਜੀਤ ਸਿੰਘ ਬਰਨਾਲਾ, ਅਮਰਿੰਦਰ ਸਿੰਘ, ਅਤੇ ਗੁਰਚਰਨ ਸਿੰਘ ਟੌਹੜਾ ਦੇ ਨਾਲ ਸਿਮਰਨਜੀਤ ਸਿੰਘ ਮਾਨ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾਵਾਂ ਨੇ ਇਸ ਦਸਤਾਵੇਜ਼ ਤੇ ਦਸਤਖ਼ਤ ਕੀਤੇ। ਪ੍ਰਕਾਸ਼ ਸਿੰਘ ਬਾਦਲ ਇਸ ਤੋਂ ਬਾਹਰ ਰਹੇ, ਸ਼ਾਇਦ ਟੌਹੜਾ ਦੀ ਸਲਾਹ ਨਾਲ।

ਕੁਝ ਮਹੀਨਿਆਂ ਬਾਅਦ ਫਿਰ ਦੁਬਾਰਾ ਪੰਥਕ ਏਕਤਾ ਦੇ ਨਾਮ ਤੇ ਟੌਹੜਾ ਵਲੋਂ ਨਿਯੁਕਤ ਕੀਤੇ ਅਕਾਲ ਤਖ਼ਤ ਦੇ ਕਾਰਜਕਾਰੀ ਜੱਥੇਦਾਰ ਅਜੀਤ ਸਿੰਘ ਨੇ ਘੱਟ ਜਾਣੇ-ਪਛਾਣੇ ਸਿੱਖ ਧਾਰਮਿਕ ਨੇਤਾ ਅਸ਼ੋਕ ਸਿੰਘ ਬਾਗੜੀਆਂ, ਜਿਸਨੂੰ ਧਾਰਮਿਕ ਮਾਮਲਿਆਂ ਦੀ ਜਾਣਕਾਰੀ ਸੀ ਪਰ ਰਾਜਨੀਤੀ ਪੱਖੋਂ ਅਣਜਾਣ ਸੀ, ਨੂੰ ਏਕਤਾ ਕਮੇਟੀ ਜੋ ਕਿ ਅਕਾਲ ਤਖ਼ਤ ਦੇ ਜੱਥੇਦਾਰ ਲਈ ਬਾਗੜੀਆਂ ਵਲੋਂ ਨਿਯੁਕਤ ਕੀਤੀ ਗਈ ਸੀ, ਦਾ ਕਨਵੀਨਰ ਨਿਯੁਕਤ ਕੀਤਾ ਗਿਆ। ਭਾਈ ਅਸ਼ੋਕ ਸਿੰਘ ਬਾਗੜੀਆਂ ਵਲੋਂ ਏਕਤਾ ਲਈ ਵਿਕਸਿਤ ਕੀਤਾ ਗਿਆ ਨੁਸਖਾ ਜੋ ਕਿ 1978 ਦਾ ਆਨੰਦਪੁਰ ਦਾ ਮਤਾ ਸੀ, ਨੇ ਸਿੱਖਾਂ ਨੂੰ ਮੁੜ ਉਸੇ ਥਾਂ ਤੇ ਲੈ ਆਂਦਾ। ਟੌਹੜੇ ਦਾ ਪਾਸਾ ਬਦਲਣ ਦਾ ਢੰਗ ਅਨੂਠਾ ਸੀ।

ਅਕਾਲੀ ਦਲ ਨੇ 1978 ਵਿਚ ਆਨੰਦਪੁਰ ਸਾਹਿਬ ਦਾ ਮਤਾ ਸੋਧਿਆ ਸੀ, ਤਾਂ ਵੀ ਉਨ੍ਹਾਂ ਨੇ ਇਸਦੀ ਪੈਰਵੀ ਕਰਨ ਦੀ ਬਜਾਏ ਇਸ ਨਾਲ ਲੰਬੇ ਸਮੇਂ ਵਿਚ ਹਾਸਲ ਹੋਣ ਵਾਲੇ ਨਿਸ਼ਾਨੇ ਦੀ ਤਰ੍ਹਾਂ ਵਰਤਾਓ ਕੀਤਾ ਅਤੇ ਇਸਨੂੰ ਪਾਰਟੀ ਦੇ ਪਹਿਲ ਦੇ ਆਧਾਰ ਤੇ ਕੀਤੇ ਜਾਣ ਵਾਲੇ ਕੰਮਾਂ ਵਿਚ ਨਹੀਂ ਰੱਖਿਆ। ਜ਼ਿਆਦਾ ਦਬਾਓ ਵਾਲੀਆਂ ਸਮੱਸਿਆਵਾਂ ਵਿਚ ਉਨ੍ਹਾਂ ਇਲਾਕਿਆਂ

ਨੂੰ ਮੁੜ ਹਾਸਲ ਕਰਨਾ ਜੋ ਹਰਿਆਣਾ ਬਣਨ ਸਮੇਂ ਪੰਜਾਬ ਕੋਲੋਂ ਲੈ ਲਏ ਗਏ ਸਨ, ਪੰਜਾਬ ਦੇ ਰੀਪੇਰੀਅਨ ਹੱਕਾਂ ਨੂੰ ਮਨਜ਼ੂਰੀ ਅਤੇ ਉਨ੍ਹਾਂ ਨੂੰ ਲਾਗੂ ਕਰਨਾ, ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦਾ ਨਿਯੰਤ੍ਰਣ, ਨੂੰ ਰੱਖਿਆ ਗਿਆ।

ਅਕਾਲੀ 1977 ਵਿਚ ਸੱਤਾ ਵਿਚ ਆਏ ਅਤੇ ਪੂਰੀ ਕੋਸ਼ਿਸ਼ ਕੀਤੀ ਕਿ ਅਜਿਹੀ ਸਰਕਾਰ ਚਲਾਈ ਜਾਵੇ ਜਿਸ ਉੱਤੇ ਕਿਸੇ ਰਾਸ਼ਟਰੀ ਪਾਰਟੀ ਨੂੰ ਇਤਰਾਜ਼ ਨਾ ਹੋਵੇ। ਇਸ ਸਾਰੇ ਸਮੇਂ ਦੌਰਾਨ ਰਿਵਾਇਤੀ ਅਕਾਲੀ ਲੀਡਰਸ਼ਿਪ ਬੜੇ ਧਿਆਨ ਨਾਲ ਸੋਚ ਸਮਝ ਕੇ ਚਲਦੀ ਰਹੀ ਅਤੇ ਕੇਂਦਰ ਨਾਲ ਕਿਸੇ ਵੀ ਖੁਲ੍ਹੀ ਮੁੱਠ-ਭੇੜ ਤੋਂ ਬਚਣ ਦੀ ਕੋਸ਼ਿਸ਼ ਕਰਦੀ ਰਹੀ ਅਤੇ ਕੁਝ ਅਜਿਹੇ ਵੀ ਸਨ ਜੋ ਜ਼ਿਆਦਾ ਖ਼ੁਦਮੁਖ਼ਤਿਆਰੀ ਦੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਹੌਲੀ-ਹੌਲੀ ਹੋ ਰਹੀ ਪ੍ਰਗਤੀ ਤੋਂ ਨਾਖ਼ੁਸ਼ ਸਨ।

ਇਕ ਜਗਮੀਤ ਸਿੰਘ ਬਰਾੜ ਇਸ ਨੁਕਤੇ ਦਾ ਇਕ ਕੇਸ ਹੈ। 26 ਅਗਸਤ 1974 ਨੂੰ ਉਸਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਤੇ “ਸਿੱਖ ਹੋਮਲੈਂਡ” ਦਾ ਝੰਡਾ ਚੜ੍ਹਾਇਆ। ਉਹ ਉਸ ਸਮੇਂ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਜਨਰਲ ਸਕੱਤਰ ਸੀ। ਉਸ ਸਮੇਂ ਗਿਆਨੀ ਜ਼ੈਲ ਸਿੰਘ (ਬਾਅਦ ਵਿਚ ਭਾਰਤ ਦੇ ਰਾਸ਼ਟਰਪਤੀ) ਦੀ ਅਗਵਾਈ ਵਿਚ ਕਾਂਗਰਸ ਪਾਰਟੀ ਪੰਜਾਬ ਵਿਚ ਰਾਜ ਕਰ ਰਹੀ ਸੀ। ਪਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਮੰਤਰੀ ਮੰਡਲ ਦੇ ਆਉਣ ਤੋਂ ਬਾਅਦ ਉਨ੍ਹਾਂ ਨੇ ਬਰਾੜ ਵਲੋਂ ਚੁੱਕੇ ਗਏ ਕਦਮ ਨੂੰ ਨਰਮ ਕਰਨ ਲਈ ਕੁਝ ਨਾ ਕੀਤਾ। 1979 ਵਿਚ ਆਜ਼ਾਦੀ ਦੇ ਦਿਨ ਬਾਦਲ ਵਲੋਂ ਤਿਰੰਗਾ ਲਹਿਰਾਏ ਜਾਣ ਤੋਂ ਬਾਅਦ ਬਰਾੜ ਅਤੇ ਉਸਦੇ ਸਾਥੀਆਂ ਨੇ ਇਸਨੂੰ ਹੇਠਾਂ ਲਾਹ ਕੇ ਫਾੜ ਦਿੱਤਾ। ਹੈਰਾਨੀ ਦੀ ਗੱਲ ਇਹ ਹੈ ਕਿ ਉਸ ਤੋਂ ਬਾਅਦ ਬਰਾੜ ਕਾਂਗਰਸ ਪਾਰਟੀ ਵਿਚ ਚਲਾ ਗਿਆ ਅਤੇ ਇੰਡੀਅਨ ਯੂਥ ਕਾਂਗਰਸ ਦੇ ਜਨਰਲ ਸਕੱਤਰ ਦੀ ਪਦਵੀ ਤਕ ਪਹੁੰਚਿਆ ਅਤੇ ਐਮ.ਪੀ. ਬਣ ਗਿਆ।

ਬਾਦਲ ਦਾ ਮੰਤਰੀ ਮੰਡਲ, ਇੰਦਰਾ ਦੇ ਕੇਂਦਰ ਵਿਚ ਸੱਤਾ ਵਿਚ ਆਉਣ ਤੋਂ ਕੁਝ ਮਹੀਨੇ ਬਾਅਦ ਜਲਦੀ ਹੀ 17 ਫਰਵਰੀ, 1980 ਨੂੰ ਬਰਖ਼ਾਸਤ ਕਰ ਦਿੱਤਾ ਗਿਆ। ਉਸ ਤੋਂ ਬਾਅਦ ਇਕ ਹੋਰ ਚਾਲ ਪੰਜਾਬ ਦੇ ਦਰਿਆਵਾਂ ਦਾ ਪਾਣੀ ਖੋਹਣ ਲਈ ਨਹਿਰ ਰਾਹੀਂ - ਸਤਲੁਜ-ਯਮੁਨਾ ਲਿੰਕ - ਜਿਸਨੇ ਕਿ ਇਹ ਬਹੁਮੁੱਲਾ ਸੋਮਾ ਦੱਖਣ ਵੱਲ ਹਰਿਆਣਾ ਦੇ ਪਹਿਲਾਂ ਹੀ ਪਾਣੀ ਨਾਲ ਭਰੇ ਇਲਾਕੇ ਵੱਲ ਪਾਣੀ ਲੈ ਕੇ ਜਾਣਾ ਸੀ, ਚੱਲੀ ਗਈ। ਇਸ ਕੇਂਦਰ ਵਲੋਂ ਸ਼ੁਰੂ ਕੀਤੀ ਗਈ ਸਕੀਮ ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਅਤੇ ਅਕਾਲੀਆਂ ਨੇ ਇਸ ਸਕੀਮ ਦਾ ਵਿਰੋਧ ਕਰਨ ਲਈ “ਧਰਮ ਯੁੱਧ” ਲਈ ਲੱਖਾਂ ਕਿਸਾਨਾਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ।

ਆਓ ਆਪਾਂ ਦੁਬਾਰਾ ਵਾਪਸ ਚਲੀਏ ਅਤੇ ਦੇਖੀਏ ਕਿ ਆਮ ਸਿੱਖਾਂ ਨਾਲ ਕੀ ਹੋ ਰਿਹਾ ਹੈ। ਦੇਸ਼ ਦੇ ਹੋਰ ਹਿੱਸਿਆਂ ਵਿਚ ਵੀ ਸਿੱਖਾਂ ਦੀ ਸਥਿਤੀ

ਸਥਿਰ ਨਹੀਂ ਹੈ। ਹਰ ਥਾਂ "ਮਿੱਟੀ ਦੇ ਸਪੂਤ" ਵਾਲਾ ਰਵੱਈਆ ਜ਼ੋਰ ਫੜ ਰਿਹਾ ਹੈ ... ਅਤੇ ਜਿੱਥੋਂ ਕਿਤੋਂ ਵੀ ਉਹ ਆਏ ਹੋਣ ਜਾਂ ਜਿੱਥੇ ਕਿਤੇ ਵੀ ਹੋਣ, ਸਿੱਖ ਪੱਕੇ ਤੌਰ ਤੇ "ਪੰਜਾਬ ਦੇ ਪੁੱਤਰਾਂ" ਦੀ ਤਰ੍ਹਾਂ ਪਛਾਣੇ ਗਏ ਅਤੇ ਉਹ ਆਪਣੇ ਕੰਮਕਾਰ ਦੇ ਸਭਿਆਚਾਰ ਕਾਰਣ ਆਈ ਖ਼ੁਸ਼ਹਾਲੀ, ਅਤੇ ਆਪਣੇ ਧਾਰਮਿਕ ਵਿਸ਼ਵਾਸ ਦੇ ਚਿੰਨ੍ਹਾਂ, ਜੋ ਕਿ ਉਨ੍ਹਾਂ ਦੀ ਦਿੱਖ ਅਤੇ ਰਹਿਣ ਦੇ ਢੰਗ ਦਾ ਹਿੱਸਾ ਹਨ, ਦੇ ਕਾਰਣ ਬਹੁਤ ਜਲਦੀ ਪਛਾਣੇ ਜਾਂਦੇ ਹਨ। 1973 ਵਿਚ ਅਕਾਲੀਆਂ ਵਲੋਂ ਉਠਾਈ ਗਈ ਖ਼ੁਦਮੁਖ਼ਤਿਆਰੀ ਦੀ ਮੰਗ ਅਤੇ 1978 ਵਿਚ ਇਸ ਮੰਗ ਨੂੰ ਦੁਹਰਾਉਣ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਉੱਤੇ ਦਬਾਓ ਵੱਧ ਗਿਆ। "ਤੁਸੀਂ ਆਪਣਾ ਰਾਜ ਚਾਹੁੰਦੇ ਹੋ ? ਤਾਂ ਤੁਸੀਂ ਉੱਥੇ ਜਾਓ!" ਇੱਥੋਂ ਤਕ ਕਿ 70ਵਿਆਂ ਵਿਚ ਸਿੱਖਾਂ ਦਾ ਪੰਜਾਬ ਵੱਲ ਹੌਲੀ-ਹੌਲੀ ਵਾਪਸ ਆਉਣਾ ਸਪੱਸ਼ਟ ਸੀ। 80ਵਿਆਂ ਵਿਚ ਅਕਾਲੀਆਂ ਦੀ ਮੰਗ ਖ਼ੁਦ ਨਿਰਣਾ ਕਰਨ ਦਾ ਹੱਕ ਅਤੇ ਵੱਖਰੇ ਰਾਜਨੀਤਿਕ ਦਰਜੇ ਤਕ ਵੱਧ ਗਈ। ਇਸਨੇ ਦਬਾਓ ਹੋਰ ਵਧਾ ਦਿੱਤਾ ਅਤੇ ਪੰਜਾਬ ਨੂੰ ਵਾਪਸ ਆਉਣ ਵਾਲੇ ਸਿੱਖਾਂ ਦੀ ਗਿਣਤੀ ਵੱਧ ਗਈ, ਹਾਲਾਂਕਿ ਜੇ ਇਕੱਲੇ ਬੰਦੇ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਸੁਰੱਖਿਆ ਲਈ ਵਾਪਸ ਆਉਣਾ ਕੋਈ ਅਚਾਨਕ ਚੁੱਕਿਆ ਹੋਇਆ ਕਦਮ ਨਹੀਂ ਸੀ।

1975 ਤੋਂ 1977 ਅਪਾਤਕਾਲੀਨ (ਐਮਰਜੈਂਸੀ) ਦਾ ਦੌਰ ਸੀ। ਵਿਰੋਧੀ ਪਾਰਟੀਆਂ, ਬੀ,ਜੇ.ਪੀ. ਅਤੇ ਜਨਤਾ ਪਾਰਟੀ ਦੇ ਗਠਜੋੜ ਨੇ ਪ੍ਰਧਾਨ ਮੰਤਰੀ ਗਾਂਧੀ ਦੀ ਪਿੱਠ ਦੀਵਾਰ ਨਾਲ ਲਗਾ ਦਿੱਤੀ ਸੀ। "ਅਪਾਤਕਾਲੀਨ ਸਾਲਾਂ" ਦੌਰਾਨ ਉਸਦੇ ਅਤਿਆਚਾਰੀ ਰਵੱਈਏ (ਖ਼ਾਸ ਕਰਕੇ ਜ਼ਬਰੀ ਨਸ/ ਨਲਬੰਦੀ) ਦਾ ਬਦਲਾ 1977 ਦੀਆਂ ਸੰਸਦ ਚੋਣਾਂ ਵਿਚ ਲਿਆ ਗਿਆ ਜਿਸ ਵਿਚ ਉੱਤਰੀ ਭਾਰਤ ਦੇ ਵੋਟਰਾਂ ਨੇ ਉਸਨੂੰ ਅਤੇ ਉਸਦੀ ਪਾਰਟੀ ਨੂੰ ਨਕਾਰ ਦਿੱਤਾ। ਪਰ ਜਨਤਾ ਸਰਕਾਰ ਥੋੜ੍ਹੀ ਦੇਰ ਹੀ ਰਹੀ ਅਤੇ 1979 ਤਕ ਇੰਦਰਾ ਵਾਪਸ ਆ ਗਈ ਸੀ। ਪਿਛਲੇ ਪੰਜ ਸਾਲਾਂ ਵਿਚ ਉਸਨੇ ਇਹ ਸਬਕ ਸਿੱਖਿਆ ਕਿ ਉਸਦੇ ਵਿਰੋਧੀ ਹਿੰਦੂਆਂ ਦੀ ਪਿਛਾਂਹ ਖਿੱਚੂ ਭਾਵਨਾਵਾਂ ਨਾਲ ਖੇਡਣ ਵਿਚ ਕਾਮਯਾਬ ਰਹੇ ਅਤੇ ਉਹ ਉਨ੍ਹਾਂ ਨੂੰ ਤਾਂ ਹੀ ਹਟਾ ਸਕਦੀ ਹੈ ਜੇ ਉਹ ਇਨ੍ਹਾਂ ਭਾਵਨਾਵਾਂ ਨਾਲ ਜ਼ਿਆਦਾ ਵੇਗ ਨਾਲ ਖੇਡੇ।

ਸਾਲਾਂ ਬੱਧੀ ਕਾਂਗਰਸ ਪਾਰਟੀ ਜਿਸ ਮੂਲ ਆਧਾਰ ਤੇ ਚੋਣ ਜਿੱਤਦੀ ਰਹੀ, ਉਹ ਸੀ ਮੁਸਲਮਾਨ, ਹੋਰ ਘੱਟ ਗਿਣਤੀ ਅਤੇ ਪੱਛੜੀਆਂ ਜਾਤੀਆਂ ਅਤੇ ਕਬੀਲਿਆਂ ਦਾ ਮਿਸ਼ਰਣ। ਖ਼ਾਸ ਕਰ ਉਨ੍ਹਾਂ ਇਲਾਕਿਆਂ ਵਿਚ ਜਿੱਥੇ ਹਿੰਦੂਆਂ ਦੀ ਬਹੁਗਿਣਤੀ ਸੀ। ਇਹ ਸਮੂਹ ਕਾਂਗਰਸ ਨੂੰ "ਸੁਰੱਖਿਅਕ" ਸਮਝਦੇ ਸਨ। ਇੰਦਰਾ ਦੀ ਨਵੀਂ ਨੀਤੀ ਇਸ ਅਨੁਸਾਰ ਇਸ ਪ੍ਰਤਿਬਿੰਬ ਨੂੰ ਤਿਆਗਣ ਦੀ ਲੋੜ ਸੀ।

ਬੀ.ਜੇ.ਪੀ. ਦੇ "ਭਗਵੇ ਝੰਡੇ" ਦਾ ਮੁਕਾਬਲਾ ਕਰਨ ਲਈ ਕਾਂਗਰਸ

ਦੇ ਝੰਡੇ ਵਿਚਲਾ ਹਲਕੇ ਬਦਾਮੀ ਰੰਗ ਦਾ ਹਿੱਸਾ ਅਸਪੱਸ਼ਟ ਰੂਪ ਵਿਚ ਦਿਨੋ ਦਿਨ ਚੌੜਾ ਹੁੰਦਾ ਗਿਆ। ਕਾਂਗਰਸ ਦੀ ਸੱਤਾ ਵਾਲੇ ਰਾਜਾਂ ਵਿਚ ਨੀਤੀ ਵਿਚ ਆਇਆ ਬਦਲਾਅ ਪੁਲਿਸ ਦੀ ਬਣਤਰ ਵਿਚ ਸਪੱਸ਼ਟ ਦਿਖਾਈ ਦਿੰਦਾ ਸੀ। ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਮੁਸਲਮਾਨ ਰੰਗਰੂਟਾਂ ਤੇ ਵਿਸ਼ਵਾਸ ਕਰਦੇ ਸਨ ਅਤੇ ਪਹਿਲੇ ਤਿੰਨ ਦਹਾਕਿਆਂ ਦੌਰਾਨ ਪੁਲਿਸ ਸੇਵਾ ਮੁਸਲਮਾਨਾਂ ਦੀ ਮੱਧ ਵਰਗੀ ਜਮਾਤ ਵਿਚ "ਰਵਾਇਤੀ" ਤੌਰ ਤੇ ਜਾਣੀ ਜਾਂਦੀ ਰਹੀ। ਯੂ.ਪੀ. ਵਰਗੇ ਰਾਜ ਵਿਚ ਆਮ ਪੁਲਿਸ ਭਰਤੀ ਦੇ ਢੰਗ ਵਿਚ ਬਦਲਾਅ ਆਉਣਾ ਸ਼ੁਰੂ ਹੋ ਗਿਆ ਪਰ ਤੇਜ਼ ਹੱਲ ਲਈ, ਇਕ ਨਵਾਂ ਪੁਲਿਸ ਦਲ ਗਠਿਤ ਕੀਤਾ ਗਿਆ- ਜਿਵੇਂ ਕਿ "ਪ੍ਰੋਵਿੰਸ਼ਿਅਲ ਆਰਮਡ ਕਾਂਸਟੇਬਲਰੀ" (ਪੀ.ਏ.ਸੀ.) ਦੀ ਭਰਤੀ ਭਾਰੀ ਤੌਰ ਤੇ ਹਿੰਦੂ ਜਾਟਾਂ, ਰਾਜਪੂਤਾਂ ਅਤੇ ਅਹੀਰ ਜਾਤਾਂ ਵਿਚੋਂ ਕੀਤੀ ਗਈ। ਜਦੋਂ 1979 ਵਿਚ ਅਲੀਗੜ੍ਹ ਵਿਚ ਦੰਗੇ ਭੜਕੇ ਤਾਂ ਪੀ.ਏ.ਸੀ. ਦੇ ਜਵਾਨਾਂ ਨੂੰ ਭੇਜਿਆ ਗਿਆ ਅਤੇ ਉਨ੍ਹਾਂ ਨੇ ਮੁਸਲਮਾਨਾਂ ਦੇ ਆਹੂ ਲਾਹ ਦਿੱਤੇ।

ਪੰਜ ਸਾਲਾਂ ਬਾਅਦ ਪੀ.ਏ.ਸੀ. ਅਤੇ ਯੂ.ਪੀ. ਪੁਲਿਸ ਦਲ ਚੁੱਪ-ਚਾਪ ਖੜ੍ਹੇ ਰਹੇ ਅਤੇ ਕਾਨਪੁਰ, ਵਾਰਾਨਸੀ, ਅਲਾਹਬਾਦ, ਲਖਨਊ, ਲਖੀਮਪੁਰ, ਮੇਰਠ ਅਤੇ ਰਾਜ ਦੇ ਕਈ ਹੋਰ ਸ਼ਹਿਰਾਂ ਵਿਚ ਹਜੂਮ ਦੁਆਰਾ ਸਿੱਖਾਂ ਦੀਆਂ ਹੱਤਿਆਵਾਂ ਹੁੰਦੇ ਦੇਖਦੇ ਰਹੇ।

20 ਸਾਲਾਂ ਦੌਰਾਨ ਇਹ ਹਿੰਦੂਵਾਦ ਨੀਤੀ ਹੋਰ ਕੁਝ ਨਹੀਂ ਤਾਂ ਵੱਧੀ ਹੀ ਹੈ। ਦਸੰਬਰ 14, 1994 ਦੀ **ਸ਼੍ਰੀਨਗਰ ਟਾਈਮਜ਼** ਨੇ ਰਿਪੋਰਟ ਦਿੱਤੀ : "[ਜੇ ਐਂਡ ਕੇ] ਪੁਲਿਸ ਡੀਮੁਸਲਿਮਾਈਜ਼ੇਸ਼ਨ ਦੀਆਂ ਜ਼ੋਰਾਵਰ ਤਾਕਤਾਂ ਨੂੰ ਡਰਾ-ਧਮਕਾ ਰਹੀ ਹੈ। ਮੁਸਲਿਮ ਵਰਗ ਦਾ ਇਸਦੇ ਮਜ਼ਹਬ ਵਿਚੋਂ ਅਸਲ ਤੌਰ ਤੇ ਹੁਣ ਸਫਾਇਆ ਕਰ ਦਿੱਤਾ ਹੈ। ਬਲਕਿ ਜੇਕਰ ਸਰਕਾਰ ਕਿਸੇ ਮਹੱਤਵਪੂਰਣ ਅਹੁਦੇ ਤੇ ਕਿਸੇ ਸਥਾਨਕ ਮੁਸਲਿਮ ਅਫ਼ਸਰ ਨੂੰ ਲਗਾਉਣਾ ਚਾਹੁੰਦੀ ਹੈ ਤਾਂ ਉਨ੍ਹਾਂ ਦੀ ਨਾ-ਉਪਲਬਧਤਾ ਦੇ ਕਾਰਣ ਇਹ ਅਸੰਭਵ ਹੋਵੇਗਾ। ਉਨ੍ਹਾਂ ਦਾ ਸਤਿਆਨਾਸ ਆਈ ਪੀ ਐਸ ਕਾਡਰ ਦੀ ਲੰਬੀ ਮਿਆਦ ਦੀ "ਪ੍ਰਬੰਧਕੀ ਇੰਜੀਨਿਅਰਿੰਗ" ਰਾਹੀਂ ਕੀਤਾ ਗਿਆ।ਇਕ ਬਰਾਬਰ ਦੇ ਸਥਾਨਕ ਮਜ਼ਹਬ ਦੀ ਧਾਰਨਾ ਅੱਸੀਵਿਆਂ ਦੇ ਮੱਧ ਵਿਚ ਇਹ ਯਕੀਨੀ ਬਣਾਉਣ ਲਈ ਦੱਬੀ ਗਈ ਸੀ ਕਿ "ਅਣ-ਉਚਿਤ ਤੱਤ" ਇੰਨੇ ਜ਼ਿਆਦਾ ਨਾ ਉਪਰ ਉੱਠਣ। ਭਾਵੇਂ ਪੁਲਿਸ ਦੇ ਉੱਚੇ ਅਹੁਦਿਆਂ ਦਾ ਸੰਪੂਰਣ ਹਿੰਦੂਕਰਣ ਯੁੱਧ ਵਰਗੇ ਹਾਲਾਤ ਵਾਲੇ ਇਸ ਰਾਜ ਵਿਚ ਕਾਨੂੰਨ ਅਤੇ ਵਿਵਸਥਾ ਦੇ ਵਿਗਾੜ ਦੇ ਬਿਲਕੁਲ ਪ੍ਰਤਿਕੂਲ ਹੈ, ਇਸਦੇ ਵਿਚ ਸਥਾਨਕ ਰੈਂਕਸ ਨੂੰ "ਬੜ੍ਹਾਵਾ" ਸਿਰਫ ਜ਼ਬਾਨੀ ਹਮਦਰਦੀ ਤਕ ਹੀ ਸੀਮਿਤ ਹੈ। ਅਤੇ ਸਥਾਨਕ ਤੋਂ ਭਾਵ ਹੈ, ਵੱਧ ਤੋਂ ਵੱਧ ਜੰਮੂ ਖੇਤਰ ਦਾ ਜਾਂ ਗੈਰ-ਮੁਸਲਿਮ ਕਸ਼ਮੀਰੀ ਅਫ਼ਸਰ। ਸੂਤਰਾਂ ਦੇ ਅਨੁਸਾਰ, ਡੀਮੁਸਲਿਮਾਈਜ਼ੇਸ਼ਨ ਦੀ ਇਹ ਕਾਰਵਾਈ ਹੁਣ ਹੇਠਲੇ ਰੈਂਕਸ ਵਿਚ ਵੀ ਕੀਤੀ ਜਾ ਰਹੀ ਹੈ। ਜੇ ਐਂਡ ਕੇ ਆਰਮਡ ਪੁਲਿਸ ਵਿਚ, ਹੁਣ

ਮੁਸਲਿਮ ਅਤੇ ਗੈਰ-ਮੁਸਲਿਮ ਰੰਗਰੂਟਾਂ ਵਿਚ 'ਬਰਾਬਰਤਾ' ਰੱਖਣ ਨੂੰ ਯਕੀਨੀ ਬਣਾਉਣ ਸਬੰਧੀ ਗੈਰ-ਲਿਖਤੀ ਕੋਡ ਅਪਣਾਇਆ ਜਾ ਰਿਹਾ ਹੈ। ਇਸਦਾ ਮੁੱਖ ਮੰਤਵ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਸਮੇਂ ਮੁਸਲਿਮ ਕਾਂਸਟੇਬੁਲਰੀ ਦੀ ਗਿਣਤੀ ਆਪਣੇ ਗੈਰ-ਮੁਸਲਿਮ ਸਾਥੀਆਂ ਤੋਂ ਨਾ ਵੱਧੇ।"

ਭਾਰਤ ਦੀਆਂ ਉੱਚ ਸੁਰੱਖਿਆ ਸੰਸਥਾਵਾਂ ਦੀ ਬਣਤਰ ਇਸ ਦੀ ਇਕ ਹੋਰ ਰੌਸ਼ਨ ਉਦਾਹਰਣ ਹੈ। 22 ਜੁਲਾਈ, 1995 ਦੇ **ਇਕਨਾਮਿਕ ਟਾਈਮਜ਼** ਵਿਚ ਲਿਖਦੇ ਹੋਏ, ਸੁਖਮਨੀ ਸਿੰਘ ਨੇ ਬਿਆਨ ਕੀਤਾ ਹੈ ਕਿ ਕਿਵੇਂ ਜਾਣਬੁੱਝ ਕੇ ਨੈਸ਼ਨਲ ਸਿਕਿਉਰਟੀ ਗਾਰਡ (ਐਨ ਐਸ ਜੀ) ਅਤੇ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਵਿਚ ਫਿਰਕੂ ਪੱਖਪਾਤ ਕੀਤਾ ਗਿਆ ਹੈ :

"ਐਨ ਐਸ ਜੀ ਦੀ 7,400 ਦੀ ਗਿਣਤੀ ਵਾਲੀ ਫੋਰਸ ਵਿਚ ਇਕ ਵੀ ਗੈਰ-ਹਿੰਦੂ ਨਹੀਂ ਹੈ।" ਐਨ ਐਸ ਜੀ ਦੇ 52% ਵਿਅਕਤੀ ਫੌਜ ਵਿਚੋਂ ਖ਼ਾਸ ਤੌਰ ਤੇ ਚੁਣੇ ਜਾਂਦੇ ਹਨ ਅਤੇ ਬਾਕੀ ਦੇ ਬੀ ਐਸ ਐਫ, ਸੀ ਆਰ ਪੀ ਐਫ, ਆਈ ਟੀ ਬੀ ਪੀ, ਸੀ ਆਈ ਐਸ ਐਫ ਅਤੇ ਐਸ ਐਮ ਬੀ ਵਿਚੋਂ ਚੁਣੇ ਜਾਂਦੇ ਹਨ। ਸਿੰਘ ਨੇ ਵਿਸ਼ੇਸ਼ ਤੌਰ ਤੇ ਐਨ ਐਸ ਜੀ ਦੇ ਕਮਾਂਡੈਂਟ ਏ.ਕੇ. ਟੰਡਨ ਨੂੰ ਪੁੱਛਿਆ ਕਿ ਕੀ ਇਨ੍ਹਾਂ ਵਿਅਕਤੀਆਂ ਵਿਚ ਹਿੰਦੂ ਕੌਮ ਤੋਂ ਇਲਾਵਾ ਕਿਸੇ ਹੋਰ ਕੌਮ ਨਾਲ ਸਬੰਧਤ ਵਿਅਕਤੀ ਵੀ ਹੈ ਅਤੇ ਉੱਤਰ ਮਿਲਿਆ : "ਕੋਈ ਨਹੀਂ ਹੈ।"

"ਸੰਸਥਾ ਦੀ ਨਿਰੋਲ ਹਿੰਦੂ ਫਿਤਰਤ ਨੂੰ ਹੋਰ ਬਲਵਾਨ ਕਰਦੇ ਹੋਏ, ਡੀ ਜੀ (ਐਨ ਐਸ ਜੀ) ਇਸ ਵੇਲੇ ਬੰਗਲੌਰ ਦੇ ਵਿਅਕਤੀ ਵਿਕਾਸ ਕੇਂਦਰ - ਜਿਸਦਾ ਬਾਨੀ ਸ਼੍ਰੀ ਸ਼੍ਰੀ ਰਵੀ ਸ਼ੰਕਰ, ਵੀ ਐਚ ਪੀ ਦੁਆਰਾ ਚਲਾਈ ਜਾ ਰਹੀ ਵਿਸ਼ਵ ਬੋਧੀ ਸਭਿਆਚਾਰਕ ਸੰਸਥਾ ਦਾ ਇਕ ਸਲਾਹਕਾਰ ਹੈ - ਦੁਆਰਾ ਚਲਾਏ ਜਾ ਰਹੇ ਇਕ ਛੇ ਦਿਨਾ ਕੋਰਸ ਨਾਲ ਪ੍ਰਯੋਗ ਕਰ ਰਹੇ ਹਨ। ਇਸ ਕੋਰਸ ਵਿਚ ਪਾਤੰਜਲੀ ਦੇ ਯੋਗ ਸੂਤਰ ਤੇ ਆਧਾਰਤ ਸਾਹ ਕਿਰਿਆਵਾਂ ਅਤੇ ਹਿੰਦੂ ਧਰਮ ਦੇ 'ਓਮ ਨਮੋ ਸ਼ਿਵਾਇ' ਦੇ ਉਚਾਰਣ ਦਾ ਮੇਲ ਹੈ।"

[ਨੋਟ : ਵਿਸ਼ਵ ਬੋਧੀ ਸਭਿਆਚਾਰਕ ਸੰਸਥਾ ਵਿਸ਼ਵ ਹਿੰਦੂ ਪਰਿਸ਼ਦ ਦੀ ਇਕ ਫਰੰਟ ਆਰਗੇਨਾਈਜ਼ੇਸ਼ਨ ਹੈ ਅਤੇ ਇਹ ਬਿਹਾਰ ਦੇ ਬੋਧ ਗਯਾ ਦੇ ਧਨੀ ਹਿੰਦੂ ਮਹੰਤ ਨੂੰ ਇਸ ਤੀਰਥ ਤੇ ਕਬਜ਼ਾ ਕਰ ਕੇ ਰੱਖਣ ਲਈ ਮਦਦ ਦੇਣ ਲਈ ਬਣਾਈ ਗਈ ਸੀ। ਬੋਧੀ ਇਸ ਸਥਾਨ ਨੂੰ ਗੌਤਮ ਬੁੱਧ ਦੇ ਗਿਆਨ ਪ੍ਰਾਪਤੀ ਸਥਾਨ ਜਾਣ ਕੇ ਸਤਿਕਾਰ ਕਰਦੇ ਹਨ ਅਤੇ ਸਾਲਾਂ ਤੋਂ ਇਸ ਮੰਦਰ ਦਾ ਕਬਜ਼ਾ ਲੈਣ ਵਿਚ ਅਸਫਲ ਰਹੇ ਹਨ। ਉਹ ਇਸ ਸਮੇਂ ਹਿੰਦੂਆਂ ਦੇ ਕਬਜ਼ੇ ਵਿਚੋਂ ਤੀਰਥ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ।]

ਜਦੋਂ ਕਿ ਕਮਾਂਡੈਂਟ, ਚੋਣਵੇਂ ਬਲਾਂ ਵਿਚ ਚੋਣ ਦੇ ਆਧਾਰ ਦੇ ਪ੍ਰਸ਼ਨ ਨੂੰ ਟਾਲਣ ਵਿਚ ਕਾਫੀ ਨਰਮ ਸੀ, ਇਕ ਕਮਾਂਡੋ ਮੂੰਹਫਟ ਸੀ : "ਸਿੱਖ ਪੰਜਾਬ ਵਿਚ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ ਅਤੇ ਮੁਸਲਮਾਨ ਕਸ਼ਮੀਰ

ਵਿਚ ਬਗਾਵਤ ਕਰ ਰਹੇ ਹਨ। ਇਸ ਲਈ ਸਾਡੇ ਇਥੇ ਇਨ੍ਹਾਂ ਵਿਚੋਂ ਕੋਈ ਨਹੀਂ ਹੈ।"

ਪਿਛਲੇ 30 ਸਾਲਾਂ ਤੋਂ ਪਾਰਲੀਮੈਂਟੇਰੀਅਨ, ਸਾਰੀਆਂ ਕੌਮਾਂ ਦੇ ਵਿਅਕਤੀਆਂ ਦੀ ਸ਼ਮੂਲੀਅਤ ਵਾਲੀ ਅਜਿਹੀ ਫੋਰਸ ਕਾਇਮ ਕੀਤੇ ਜਾਣ ਦੀ ਮੰਗ ਕਰ ਰਹੇ ਹਨ, ਜਿਹੜੀ ਕਿ ਦੰਗੇ ਦੀ ਸਥਿਤੀ ਵਿਚ ਤੈਨਾਤ ਕੀਤੀ ਜਾ ਸਕੇ। ਸਰਕਾਰ ਨੇ ਅਸਲ ਵਿਚ ਇਕ ਸਪੈਸ਼ਲ ਫੋਰਸ ਬਣਾਈ ਹੈ, ਪਰ ਅਜਿਹੀ ਜੋ ਕਿ ਸਭ ਤੋਂ ਵੱਧ ਫਿਰਕੂ ਰਵੱਈਏ ਨੂੰ ਪ੍ਰਤੀਬਿੰਬਤ ਕਰਨ ਲਈ ਵਿਸ਼ੇਸ਼ ਤੌਰ ਤੇ ਬਣਾਈ ਗਈ ਹੈ - ਇਕ ਸਰਬ ਹਿੰਦੂ ਫੋਰਸ।

1984 ਦੇ ਦਿੱਲੀ ਕਤਲੇਆਮ ਦਾ ਲਘੂ ਰੂਪ 13 ਜਨਵਰੀ, 1989 ਨੂੰ ਜੰਮੂ ਵਿਚ ਵਾਪਰਿਆ ਸੀ। ਤਕਰੀਬਨ ਦੁਪਹਿਰ ਦੇ ਵੇਲੇ, ਕੋਈ 10,000 ਸਿੱਖ ਸ਼ਰਧਾਲੂਆਂ ਨੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ ਦੇ ਮੌਕੇ ਤੇ ਨਗਰ ਕੀਰਤਨ ਕੱਢਿਆ। ਉਨ੍ਹਾਂ ਉਤੇ ਇਕ ਸੰਗਠਤ ਹਿੰਦੂ ਹਜੂਮ ਨੇ ਭਾਰੀ ਹਮਲਾ ਕੀਤਾ। ਛੇ ਘੰਟੇ ਤਕ ਫਸਾਦ ਹੁੰਦਾ ਰਿਹਾ।

**ਇੰਡੀਆ ਟੁਡੇ** ਦੇ ਅਨੁਸਾਰ : "ਹਰ ਇਕ ਗਵਾਹ ਜਿਸ ਨੇ ਵੀ ਦੱਸਿਆ ਉਸ ਅਨੁਸਾਰ, ਪੁਲਿਸ ਸਿਰਫ ਜਾਂ ਤਾਂ ਦੂਜੇ ਪਾਸੇ ਵੇਖਦੀ ਰਹੀ ਜਾਂ ਓਟ ਲਈ ਇੱਧਰ ਉੱਧਰ ਹੋ ਗਈ। ਇਕ ਵੀ ਲਾਠੀ ਨਹੀਂ ਉਠਾਈ ਗਈ, ਨਾ ਹੀ ਕੋਈ ਹੰਝੂ ਗੈਸ ਦਾ ਗੋਲਾ ਛੱਡਿਆ ਗਿਆ। ਇੰਜ ਜਾਪ ਰਿਹਾ ਸੀ ਕਿ ਜਿਵੇਂ ਪੁਲਿਸ ਇਸ ਤਮਾਸ਼ੇ ਨੂੰ ਹੱਲਾ-ਸ਼ੇਰੀ ਦੇ ਰਹੀ ਸੀ।" ਦਿਨ ਦੇ ਅੰਤ ਤੇ, ਸਰਕਾਰੀ ਗਿਣਤੀ ਅਨੁਸਾਰ 13 ਸਿੱਖ ਮਰੇ ਸਨ, 145 ਵਾਹਨ ਅਤੇ ਸੈਂਕੜੇ ਦੁਕਾਨਾਂ ਜਲ ਗਈਆਂ ਸਨ। ਗੈਰ-ਸਰਕਾਰੀ ਅੰਕੜੇ ਅਨੁਸਾਰ ਮੌਤ ਦੀ ਦਰ ਕਿਤੇ ਉੱਚੀ ਦਸਦੇ ਹਨ। ਅਵਿਸ਼ਵਾਸਯੋਗ ਗੱਲ - ਜੰਮੂ ਕਸ਼ਮੀਰ ਦਾ ਮੁੱਖ ਮੰਤਰੀ ਉਸ ਦਿਨ ਸ਼ਹਿਰ ਵਿਚ ਸੀ।

ਅਗਲੇ ਦਿਨਾਂ ਵਿਚ ਕੋਈ 200 ਹਿੰਦੂ ਗ੍ਰਿਫਤਾਰ ਕੀਤੇ ਗਏ ਸਨ ਪਰ ਉਹ ਬੀ ਜੇ ਪੀ ਦੁਆਰਾ ਕੀਤੀ ਗਈ ਇਕ ਹਫਤੇ ਦੀ ਹੜਤਾਲ ਕਰਕੇ ਛੱਡ ਦਿੱਤੇ ਗਏ ਸਨ। ਕੇਂਦਰ ਸਰਕਾਰ ਨੇ ਘਟਨਾ ਵੱਲ ਬਿਲਕੁਲ ਕੋਈ ਧਿਆਨ ਨਹੀਂ ਦਿੱਤਾ।

1995 ਵਿਚ ਕਾਂਗਰਸ ਨੇ ਮੁਸਲਮਾਨਾਂ ਅਤੇ ਹੋਰ ਘੱਟ-ਗਿਣਤੀਆਂ, ਜੋ ਕਿਸੇ ਵੇਲੇ ਉਨ੍ਹਾਂ ਦੇ ਸਮੂਹ ਦਾ ਇਕ ਅਤਿਅੰਤ ਮਹੱਤਵਪੂਰਣ ਹਿੱਸਾ ਸਨ, ਨੂੰ ਅਲੱਗ ਕਰਨ ਵਿਚ ਕੋਈ ਹਿਚਕਿਚਾਹਟ ਨਹੀਂ ਦਿਖਾਈ। ਪਰ ਦੋ ਦਹਾਕੇ ਪਹਿਲਾਂ, ਜਦੋਂ ਕਿ ਇਹ ਨੀਤੀ ਹਾਲੇ ਤਜ਼ਰਬੇ ਦੇ ਪੱਧਰ ਤੇ ਸੀ, ਉਦੋਂ ਅਜਿਹਾ ਤੀਬਰ ਕਦਮ ਨਹੀਂ ਸੀ ਉਠਾਇਆ ਜਾ ਸਕਦਾ। ਹਾਂ, ਬਹੁਗਿਣਤੀ ਹਿੰਦੂ ਹਮਾਇਤ ਜਿੱਤਣਾ ਬਹੁਤ ਜ਼ਰੂਰੀ ਸੀ, ਪਰ ਕੀ ਇੰਦਰਾ ਆਪਣੇ ਲੇਲਿਆਂ ਨੂੰ ਖ਼ਤਮ ਕਰ ਸਕਦੀ ਸੀ? ਕੀ ਉਹ ਉਨ੍ਹਾਂ ਦਾ ਘਾਟਾ ਪੂਰਾ ਕਰਨ ਲਈ ਕਾਫੀ ਸੰਖਿਆ ਵਿਚ ਹੋਰ ਨਵੇਂ ਮਤਦਾਤਾ ਪ੍ਰਾਪਤ ਕਰ ਸਕੇਗੀ?

ਸਿੱਖ ਇਥੇ ਸਭ ਤੋਂ ਆਸਾਨੀ ਨਾਲ ਵਰਤੇ ਜਾ ਸਕਦੇ ਸਨ : ਉਹ ਪਹਿਲਾਂ ਹੀ ਆਪਣੀ ਖ਼ੁਸ਼ਹਾਲੀ ਲਈ ਈਰਖਾ ਦੇ ਸ਼ਿਕਾਰ ਸਨ, ਉਹ ਸਭ ਦੀਆਂ ਨਜ਼ਰਾਂ ਵਿਚ ਸਨ ਇਸ ਲਈ ਉਨ੍ਹਾਂ ਨਾਲ ਕੁਝ ਵੀ ਮਾਮਲਾ ਵਾਪਰੇ, ਉਹ ਪ੍ਰਚਾਰ ਦੇ ਮੰਤਵਾਂ ਲਈ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਵੇਗਾ। ਖ਼ਾਸ ਤੌਰ ਤੇ ਯੂ.ਪੀ. ਅਤੇ ਦਿੱਲੀ ਵਿਚ ਜਿੱਥੇ ਸਿੱਖਾਂ ਦੀ ਚੋਖੀ ਵਸੋਂ ਸੀ, ਉਹ ਘੱਟ-ਗਿਣਤੀਆਂ ਅਤੇ ਦਲਿਤਾਂ ਦੀ ਸਥਿਤੀ ਨੂੰ ਮਜ਼ਬੂਤ ਕਰਦੇ ਸਨ। ਪਰ ਫਿਰ ਵੀ ਉਹ ਵੋਟਰਾਂ ਦੀ ਇੰਨੀ ਵੱਡੀ ਪ੍ਰਤੀਸ਼ਤਤਾ ਨਹੀਂ ਸਨ ਬਣਦੇ ਕਿ ਉਨ੍ਹਾਂ ਦਾ ਵਖਰੇਵਾਂ ਕਾਂਗਰਸ ਦੀਆਂ ਸੰਭਾਵਨਾਵਾਂ ਨੂੰ ਵੱਡਾ ਨੁਕਸਾਨ ਪਹੁੰਚਾਵੇ। ਸਿੱਖ ਬਹੁਤ ਵਧੀਆ ਸ਼ਿਕਾਰ ਸਨ।

ਜਦੋਂ ਇੰਦਰਾ 1979 ਵਿਚ ਸੱਤਾ ਤੇ ਮੁੜ ਕਾਬਜ਼ ਹੋਈ, ਤਾਂ ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਪੰਜਾਬ ਤੇ ਰਾਜ ਕਰ ਰਹੇ ਸਨ। ਇੰਦਰਾ ਆਪਣੇ ਹੀ ਵਿਹੜੇ ਵਿਚ ਕਿਸੇ ਵਿਰੋਧੀ ਪਾਰਟੀ ਨੂੰ ਬਰਦਾਸ਼ਤ ਕਰਨ ਵਿਚ ਬਹੁਤ ਅਸੁਰੱਖਿਅਤ ਸੀ। ਭਾਵੇਂ ਅਕਾਲੀਆਂ ਦੀ ਪੰਜਾਬ ਵਿਧਾਨ ਸਭਾ ਵਿਚ ਤਕੜੀ ਬਹੁਗਿਣਤੀ ਸੀ ਅਤੇ ਰਾਜ ਦਾ ਕੰਮ-ਕਾਰ ਚੱਲ ਰਿਹਾ ਸੀ, ਸਿਰਫ ਸਿੱਖ-ਨਿਰੰਕਾਰੀ ਫਰੰਟ ਤੇ ਥੋੜ੍ਹੀ ਗੜਬੜ ਸੀ। ਇੰਦਰਾ ਨੇ ਛੇਤੀ ਨਾਲ ਅਕਾਲੀ ਸਰਕਾਰ ਭੰਗ ਕਰ ਦਿੱਤੀ ਅਤੇ ਰਾਸ਼ਟਰਪਤੀ ਰਾਜ ਦਾ ਹੁਕਮ ਦੇ ਦਿੱਤਾ।

ਸਿੱਖ ਵਿਰੋਧੀ ਪਰਵਿਰਤੀ ਬੜੀ ਲੁਕਵੀਂ ਰੱਖੀ ਗਈ ਸੀ ਪਰ ਇਹ ਅਸਲੀ ਸੀ। ਯੂ.ਪੀ. ਵਿਚ ਯੂ.ਪੀ. ਦੇ ਮਾਲ ਮੰਤਰੀ ਨੇ ਸਾਰੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ "ਸਿੱਖਾਂ ਨੂੰ ਨਿਚੋੜ ਸੁੱਟੋ" ਦੇ ਲਿਖਤੀ ਸੰਦੇਸ਼ ਭੇਜੇ। ਇਹ ਜਾਣਦੇ ਹੋਏ ਕਿ ਸਿੱਖ ਕਿਸਾਨ, ਜਿਨ੍ਹਾਂ ਨੇ ਇਕ ਸਮੇਂ ਨਾ-ਵੱਸਣਯੋਗ ਤਰਾਈ ਦੇ ਵੱਡੇ ਹਿੱਸਿਆਂ ਨੂੰ ਸੁਧਾਰਿਆ ਸੀ ਅਤੇ ਵਿਸ਼ਾਲ ਭੂਮੀ ਨੂੰ ਵਾਹਿਆ-ਬੀਜਿਆ ਸੀ, ਪ੍ਰਮੁੱਖ ਤੌਰ ਤੇ ਬੇਦਖਲ ਹੋਣਗੇ, ਲੈਂਡ ਸੀਲਿੰਗ ਘਟਾ ਕੇ 12.5 ਏਕੜ ਤਕ ਕਰ ਦਿੱਤੀ। ਅਜਿਹਾ ਖਰੂਦ ਮਚਾਉਣ ਵਾਲਾ ਸਰਕੂਲਰ ਕੱਢਣ ਲਈ ਯੂ.ਪੀ. ਸਰਕਾਰ ਨੂੰ ਕਿਉਂ ਨਹੀਂ ਅਦਾਲਤ ਵਿਚ ਘਸੀਟਿਆ ਗਿਆ?

ਇਸੇ ਸਮੇਂ ਇਕ ਹੋਰ ਵਰਤਾਰਾ ਦੇਖਿਆ ਗਿਆ। ਯੂ.ਪੀ. ਦੇ ਤਰਾਈ ਦੇ ਇਲਾਕੇ ਵਿਚ ਖੇਤਾਂ ਦੀ ਵੱਡੇ ਪੱਧਰ ਤੇ ਖਰੀਦੋ-ਫਰੋਖਤ ਦੇਖੀ ਗਈ। ਇਹ ਸੌਦੇ ਸਿੱਖ ਕਿਸਾਨਾਂ ਦੀ ਅਸੁਰੱਖਿਆ ਨੂੰ ਪ੍ਰਤੀਬਿੰਬਤ ਕਰਦੇ ਹਨ। ਜਿਨ੍ਹਾਂ ਦੀਆਂ ਜ਼ਮੀਨਾਂ ਅਜਿਹੇ ਇਲਾਕਿਆਂ ਜੋ ਕਿ ਸਿੱਖ-ਪ੍ਰਧਾਨ ਸਮਝੇ ਜਾਂਦੇ ਸਨ, ਤੋਂ ਦੂਰ ਸਨ, ਉਨ੍ਹਾਂ ਨੇ ਉਹ ਖੇਤ ਵੇਚ ਦਿੱਤੇ ਅਤੇ ਸਿੱਖ ਇਲਾਕਿਆਂ ਦੇ ਨੇੜੇ ਜ਼ਮੀਨਾਂ ਖਰੀਦ ਲਈਆਂ। ਅਜਿਹਾ ਹੀ ਅਦਲਾ-ਬਦਲੀ ਦਾ ਅਮਲ ਕੁਝ ਸ਼ਹਿਰਾਂ ਅਤੇ ਵੱਡੇ ਕਸਬਿਆਂ ਵਿਚ ਵੀ ਦੇਖਿਆ ਗਿਆ। ਬਹੁਤੇ ਤਾਂ ਕਾਫੀ ਚਿਰ ਪਹਿਲਾਂ ਜਾਇਦਾਦ ਖਰੀਦਣ ਲਈ ਪੰਜਾਬ ਪਰਤ ਗਏ - ਇਕ ਕਿਸਮ ਦੀ ਸੁਰੱਖਿਆ - ਅਤੇ ਫਿਰ ਹੋਰਨਾਂ ਰਾਜਾਂ ਵਿਚ ਆਪਣੀ

ਰੋਜ਼ੀ-ਰੋਟੀ ਤੇ ਵਾਪਸ ਚਲੇ ਗਏ। ਖੇਤੀਬਾੜੀ ਅਤੇ ਕਾਰੋਬਾਰ ਦੀ ਵਾਧੂ ਆਮਦਨ ਨੂੰ ਪੰਜਾਬ ਵਿਚ ਜਾਇਦਾਦ ਖਰੀਦਣ ਤੇ ਧਨ ਲਗਾਉਣ ਵਿਚ ਵਰਤਣਾ ਇਕ ਆਮ ਰੁਝਾਨ ਬਣ ਗਿਆ ਅਤੇ ਇਹ ਅਮਲ ਜਾਰੀ ਹੈ।

ਇਨ੍ਹਾਂ ਦਿਨਾਂ ਵਿਚ ਸਰਕਾਰ ਦਾ ਪਸੰਦੀਦਾ ਦਾਅ-ਪੇਚ ਸੀ 'ਗੱਲਬਾਤ' - ਵਿਰੋਧੀਆਂ ਨੂੰ ਮਹੀਨਿਆਂ ਬੱਧੀ ਬੇਕਾਰ ਟਾਲ-ਮਟੋਲਿਆਂ ਰਾਹੀਂ ਥਕਾ ਦੇਣ ਲਈ ਬਣਾਇਆ ਗਿਆ ਅਮਲ। ਆਸਾਮ ਦੇ ਅੰਦੋਲਨ ਕਰ ਰਹੇ ਨੇਤਾਵਾਂ ਨਾਲ ਤਿੰਨ ਸਾਲਾਂ ਤਕ ਗੱਲਬਾਤ ਚੱਲੀ ਅਤੇ ਕੇਂਦਰ ਦੀ ਅਕਾਲੀਆਂ ਨਾਲ ਇਸ ਤੋਂ ਵੀ ਵੱਧ ਸਮੇਂ ਤਕ ਗੱਲਬਾਤ ਕਰਨ ਦੀ ਤਜਵੀਜ਼ ਸੀ। ਜੇ ਸੋਮਵਾਰ ਦਾ ਅਖਬਾਰ ਰਿਪੋਰਟ ਦਿੰਦਾ ਸੀ ਕਿ "ਫਾਰਮੂਲਾ ਨਿਗਾਹ ਵਿਚ" ਤਾਂ ਮੰਗਲਵਾਰ ਦੀਆਂ ਮੁੱਖ ਸਤਰਾਂ ਐਲਾਨ ਕਰਦੀਆਂ "ਪ੍ਰਧਾਨ ਮੰਤਰੀ ਨੇ ਅਕਾਲੀਆਂ ਦੀਆਂ ਮੰਗਾਂ ਠੁਕਰਾਈਆਂ"। 30 ਅਜਿਹੇ ਸਮਾਂ ਬਰਬਾਦ ਕਰਨ ਵਾਲੇ ਗੇੜਾਂ ਤੋਂ ਬਾਅਦ ਇਹ ਸਪੱਸ਼ਟ ਸੀ ਕਿ ਕੇਂਦਰ ਦੀ ਅਕਾਲੀਆਂ ਨਾਲ ਕਿਸੇ ਸਮਝੌਤੇ ਵਿਚ ਕੋਈ ਦਿਲਚਸਪੀ ਨਹੀਂ ਸੀ, ਸਗੋਂ ਸਮਝੌਤਾ ਠੋਸਣ ਦੀ ਕੋਸ਼ਿਸ਼ ਕਰ ਰਿਹਾ ਸੀ।

ਜਦੋਂ ਕੇਂਦਰ ਗੱਲਬਾਤ ਕਰ ਰਿਹਾ ਸੀ, ਇਸ ਦੇ ਫੌਜੀ ਚਾਲਬਾਜ਼ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਤੀਰਥ ਉੱਤੇ ਹਮਲਾ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਸਨ ਅਤੇ ਗੜ੍ਹਵਾਲ ਪਹਾੜੀਆਂ ਦੇ ਵਿਚ ਖ਼ਾਸ ਤੌਰ ਤੇ ਬਣਾਏ ਗਏ ਇਸਦੇ ਪ੍ਰਤੀਰੂਪ ਉਤੇ ਫੌਜੀਆਂ ਨੂੰ ਇਸ ਹਮਲੇ ਲਈ ਸਿਖਲਾਈ ਦੇ ਰਹੇ ਸਨ। ਜੂਨ 1984 ਦੇ ਪਹਿਲੇ ਹਫ਼ਤੇ, ਅਕਾਲ ਤਖ਼ਤ, ਸਿੱਖ ਕੌਮ ਦਾ ਰਾਜਨੀਤਕ ਫੈਸਲੇ ਕਰਨ ਦਾ ਰਵਾਇਤੀ ਸਥਾਨ, ਫੌਜ ਦੇ ਟੈਂਕਾਂ ਦੁਆਰਾ ਮਲਬੇ ਦੇ ਢੇਰ ਵਿਚ ਬਦਲ ਦਿੱਤਾ ਗਿਆ ਅਤੇ ਹਰਿਮੰਦਰ ਸਾਹਿਬ, ਦਰਬਾਰ ਸਾਹਿਬ ਦਾ ਪਵਿੱਤਰ ਪ੍ਰਕਾਸ਼ ਅਸਥਾਨ ਗੋਲੀਆਂ ਦਾ ਨਿਸ਼ਾਨਾ ਬਣਿਆ (ਗੋਲੀਆਂ ਦੇ ਨਿਸ਼ਾਨ ਫੌਜ ਦੇ ਨਿਸਫਲ ਇਨਕਾਰਾਂ ਨੂੰ ਝੁਠਲਾਉਂਦੇ ਸਨ)। ਇਸੇ ਸਮੇਂ, ਫੌਜ ਨੇ ਸਾਰੇ ਰਾਜ ਦੇ 74 ਹੋਰ ਗੁਰਦੁਆਰਿਆਂ ਤੇ ਵੀ ਹਮਲਾ ਕੀਤਾ।

ਅਪ੍ਰੈਲ, 1984 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਜੇ ਵੀ ਕਹਿ ਰਹੇ ਸਨ ਕਿ ਉਨ੍ਹਾਂ ਦੀ ਵੱਖਰੇ ਸਿੱਖ ਰਾਜ ਦੀ ਕੋਈ ਮੰਗ ਨਹੀਂ ਹੈ ਭਾਵੇਂ ਜਿਸ ਤਰ੍ਹਾਂ ਭਾਰਤ ਵਿਚ ਸਿੱਖਾਂ ਨਾਲ ਵਿਵਹਾਰ ਕੀਤਾ ਜਾ ਰਿਹਾ ਹੈ ਉਸ ਨੂੰ ਧਿਆਨ ਵਿਚ ਰੱਖਦੇ ਹੋਏ, ਜੇ ਅਜਿਹਾ ਮੌਕਾ ਮਿਲਿਆ ਤਾਂ ਉਹ ਇਨਕਾਰ ਨਹੀਂ ਕਰਨਗੇ। ਪਰ ਜੂਨ ਦੇ ਪਹਿਲੇ ਹਫ਼ਤੇ ਆਪਣੀ ਅੰਤਮ ਪ੍ਰੈਸ ਇੰਟਰਵਿਊ ਵਿਚ **ਟਾਈਮਜ਼ ਆਫ਼ ਇੰਡੀਆ** ਦੇ ਪੱਤਰਪ੍ਰੇਰਕ ਸੁਭਾਸ਼ ਕਿਰਪੇਕਰ ਨੂੰ ਦੱਸਿਆ ਕਿ "ਸਿੱਖ ਨਾ ਤਾਂ ਭਾਰਤ ਵਿਚ ਅਤੇ ਨਾ ਹੀ ਭਾਰਤ ਨਾਲ ਰਹਿ ਸਕਦੇ ਹਨ। ਜੇ ਉਨ੍ਹਾਂ ਨਾਲ ਬਰਾਬਰ ਦਾ ਵਿਵਹਾਰ ਕੀਤਾ ਜਾਵੇ ਤਾਂ ਅਜਿਹਾ ਸੰਭਵ ਹੋ ਸਕਦਾ ਹੈ ਪਰ ਮੈਂ ਸੱਚ ਦੱਸਾਂ ਤਾਂ ਮੈਂ ਨਹੀਂ ਸੋਚਦਾ ਕਿ ਅਜਿਹਾ

ਸੰਭਵ ਹੈ।"

ਮਾਮਲਾ ਇਕ ਸਿਰੇ ਤੇ ਆ ਗਿਆ। ਫੌਜ ਨੇ ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨ, ਹਰਿਮੰਦਰ ਸਾਹਿਬ ਅਤੇ 74 ਹੋਰ ਗੁਰਦੁਆਰਿਆਂ ਤੇ ਹਮਲਾ ਕਰ ਦਿੱਤਾ। ਪੰਜਾਬ ਪਰਤਣ ਵਾਲੇ ਸਿੱਖਾਂ ਦੀ ਗਿਣਤੀ ਨਾਟਕੀ ਢੰਗ ਨਾਲ ਵੱਧ ਗਈ। ਫੇਰ ਨਵੰਬਰ, 1984 ਵਿਚ ਕਤਲੋਗਾਰਤ ਭਰੇ ਦੰਗੇ ਹੋਏ - ਇਸ ਵੇਲੇ ਇਹ ਪਿੱਛੇ ਵੱਲ ਦੀ ਉਡਾਰੀ ਬਹੁਤ ਕਾਹਲ ਭਰੀ ਸੀ, ਇਹ ਸ਼ਰਣਾਰਥੀ ਉਹ ਲੋਕ ਸਨ ਜਿਨ੍ਹਾਂ ਦਾ ਮੁੱਢਲਾ ਲੇਖਾ-ਜੋਖਾ ਜਾਇਦਾਦ ਦਾ ਨੁਕਸਾਨ ਨਹੀਂ ਸਗੋਂ ਜਾਨਾਂ ਦਾ ਨੁਕਸਾਨ ਸੀ।

ਇਥੇ ਇਹ ਡੂੰਘੀ ਚੱਕਰਬਾਜ਼ੀ ਹੈ - ਕਾਂਗਰਸ ਦੁਆਰਾ ਚਲਾਈ ਜਾ ਰਹੀ ਕੇਂਦਰ ਸਰਕਾਰ 'ਅਨੇਕਤਾ' ਨਾਲ ਗ੍ਰਸੀ ਹੋਈ ਹੈ ਅਤੇ ਸਿੱਖਾਂ ਦੀਆਂ ਮੰਗਾਂ ਨੂੰ ਸੁਤੰਤਰਤਾ-ਪੂਰਵ ਮੁਸਲਮਾਨਾਂ ਦੀਆਂ ਮੰਗਾਂ ਦੇ ਦੁਹਰਾਓ ਦੇ ਰੂਪ ਵਿਚ ਦੇਖਦੀ ਹੈ। ਸਿੱਖ, ਦੇਸ਼ ਦੇ ਹੋਰ ਹਿੱਸਿਆਂ ਦੇ ਲੋਕਾਂ ਵਾਂਗ, ਸਵਰਾਜ ਦੇ ਵਾਅਦਿਆਂ ਦਾ ਮੁਤਾਲਬਾ ਕਰਦੇ ਹਨ ਜਿਨ੍ਹਾਂ ਲਈ ਸੁਤੰਤਰਤਾ ਲਹਿਰ ਚੱਲੀ ਸੀ ਅਤੇ ਜਦੋਂ ਉਹ ਕੇਂਦਰ ਦਾ ਅਵਿਸ਼ਵਾਸ ਦੇਖਦੇ ਹਨ ਤਾਂ ਉਨ੍ਹਾਂ ਦੀ ਨਿਰਾਸਤਾ ਵੱਧ ਜਾਂਦੀ ਹੈ। ਪੰਜਾਬ ਦੇ ਸਿੱਖਾਂ ਨਾਲੋਂ ਵੀ ਵੱਧ, ਬਾਹਰਲੇ ਰਾਜਾਂ ਦੇ ਸਿੱਖ, ਅਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ 'ਮਾਤਭੂਮੀ' ਵਲ ਪਿੱਛੇ ਪਰਤਣਾ ਸ਼ੁਰੂ ਕਰ ਦਿੱਤਾ। ਬਲਿਊਸਟਾਰ ਅਤੇ ਨਵੰਬਰ ਕਤਲੋਗਾਰਤ ਤੋਂ ਮਗਰੋਂ ਮਾਮਲਾ ਹੋਰ ਤੀਬਰ ਹੋ ਗਿਆ ਅਤੇ ਵਾਪਸ ਪਰਤਣਾ ਇਕ ਸਿੱਧੀ ਉਡਾਰੀ ਬਣ ਗਿਆ। (ਭਾਗ 1 ਵਿਚ ਜਨ-ਗਣਨਾ ਵਾਲਾ ਹਿੱਸਾ ਦੇਖੋ)।

1972 ਵਿਚ ਕੀਤੀ ਗਈ ਵਧੇਰੇ ਖ਼ੁਦਮੁਖ਼ਤਿਆਰੀ ਦੀ ਮੰਗ ਜੋ ਕਿ 1978 ਵਿਚ ਫਿਰ ਦੁਹਰਾਈ ਗਈ, ਤੋਂ ਬਾਅਦ ਉਨ੍ਹਾਂ ਤੇ ਪਾਏ ਗਏ ਦਬਾਅ ਦੇ ਕਾਰਣ, ਸਿੱਖ ਵੱਡੀ ਗਿਣਤੀ ਵਿਚ ਪਰਤਣੇ ਸ਼ੁਰੂ ਹੋ ਗਏ। 80ਵਿਆਂ ਤਕ ਸਿੱਖ ਮੰਗ ਸਵੈ-ਨਿਰਧਾਰਣ ਦੇ ਹੱਕ ਅਤੇ ਰਾਜਨੀਤਿਕ ਪ੍ਰਭੂਸੱਤਾ ਤਕ ਵੱਧ ਚੁੱਕੀ ਸੀ। ਇਸਦੇ ਨਾਲ ਦਮਨ ਹੋਰ ਵੀ ਵੱਧ ਗਿਆ ਅਤੇ ਪੰਜਾਬ ਵਲ ਨੂੰ ਮੁਹਾਰਾਂ ਹੋਰ ਤੀਬਰ ਹੋ ਗਈਆਂ।

ਪਰ 'ਗਿਣਤੀ ਵਿਚ ਸੁਰੱਖਿਆ' ਦੀ ਆਸ ਭੁਲਾਵਾ ਦੇਣ ਵਾਲੀ ਸੀ। 1984 ਤੋਂ ਬਾਅਦ ਪੰਜਾਬ ਕਿਸੇ ਲਈ ਵੀ ਸੁਰੱਖਿਅਤ ਨਾ ਰਿਹਾ। ਕੁਝ ਸਿੱਖ ਜਿਨ੍ਹਾਂ ਨੂੰ ਲਗਾਤਾਰ ਪੰਜਾਬ ਪੁਲਿਸ ਵਲੋਂ ਤੰਗ ਕੀਤਾ ਜਾ ਰਿਹਾ ਸੀ, ਕਲਕੱਤਾ, ਬੰਬਈ ਜਾਂ ਭੋਪਾਲ ਜਿਹੀਆਂ ਥਾਵਾਂ ਤੇ ਸ਼ਾਂਤ ਜ਼ਿੰਦਗੀ ਜਿਊਣ ਦੀ ਆਸ ਨਾਲ ਪੰਜਾਬ ਛੱਡ ਗਏ। ਪੰਜਾਬ ਪੁਲਿਸ ਨੂੰ ਪੰਜਾਬ ਤੋਂ ਬਾਹਰ ਦੀਆਂ ਥਾਵਾਂ ਦੇ ਨਿਵਾਸ ਆਪਣੀਆਂ ਗਤੀਵਿਧੀਆਂ ਲਈ ਰੁਕਾਵਟ ਮਹਿਸੂਸ ਨਾ ਹੋਏ, ਜਿਸਦਾ ਨਤੀਜਾ ਸੀ, ਤਿਲਜਲਾ ਵਿਚ ਬਸ਼ੀਰ ਮੁਹੰਮਦ ਉਰਫ ਸਿੰਘ ਅਤੇ ਉਸਦੀ ਪਤਨੀ ਨੂੰ ਗੋਲੀ ਮਾਰਨੀ ਜਾਂ ਸੋਹਣ ਸਿੰਘ ਅਤੇ ਚਾਰ ਹੋਰ ਖਾੜਕੂਆਂ ਦੀ ਗੁਆਂਢੀ ਦੇਸ਼ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ ਗ੍ਰਿਫਤਾਰੀ। ਇਸ ਤੱਥ

ਨੂੰ ਕਿ ਕਿਸੇ ਵਿਅਕਤੀ ਨੇ ਆਪਣਾ ਨਿਵਾਸ ਸਥਾਨ ਬਦਲੀ ਕੀਤਾ ਹੈ, ਖਾੜਕੂ ਗਤੀਵਿਧੀਆਂ ਵਿਚ ਸ਼ਮੂਲੀਅਤ ਵੱਲ ਇਸ਼ਾਰਾ ਕਰਦੇ ਸ਼ੱਕੀ ਹਾਲਾਤ ਦੇ ਤੌਰ ਤੇ ਲਿਆ ਜਾਂਦਾ ਸੀ। ਪਾਸਪੋਰਟ ਲਈ ਦਰਖ਼ਾਸਤ ਕਰਨਾ ਹੋਰ ਵੀ ਮਾੜਾ ਸੀ।

3 ਮਈ, 1995 ਦੇ '**ਦਿ ਪਾਇਨੀਅਰ**' ਵਿਚ ਲਿਖਦੇ ਹੋਏ ਪੱਛਮੀ ਬੰਗਾਲ ਦੇ ਵਿੱਤ ਮੰਤਰੀ ਅਸ਼ੋਕ ਮਿੱਤਰਾ ਨੇ ਪੰਜਾਬ ਪੁਲਿਸ ਦੀਆਂ ਰਾਜ ਤੋਂ ਬਾਹਰ ਦੀਆਂ ਕਾਰਵਾਈਆਂ ਦੀ ਨਿਖੇਦੀ ਕੀਤੀ ਹੈ : ਖਾੜਕੂਆਂ ਦੇ ਕਥਿਤ ਆਧਾਰ ਤੇ, ਬਿਨਾਂ ਨਿਆਂਪਾਲਿਕਾ ਦੀ ਆਗਿਆ ਦੇ, ਨੌਜਵਾਨਾਂ ਦੀਆਂ ਬਿਨਾਂ ਛਾਣਬੀਣ ਕੀਤੀਆਂ ਹੱਤਿਆਵਾਂ, ਦੇਸ਼ ਵਿਚ 1970 ਦੇ ਦਹਾਕੇ ਵਿਚ ਪੱਛਮੀ ਬੰਗਾਲ ਵਿਚ ਪੁਲਿਸ ਅਤੇ ਨੀਮ-ਫੌਜੀ ਬਲਾਂ ਦੁਆਰਾ ਅਰੰਭ ਕੀਤੀਆਂ ਗਈਆਂ ਸਨ ...

"ਜਿੱਥੇ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ 1970 ਦੇ ਆਪਣੇ ਪੱਛਮੀ ਬੰਗਾਲ ਦੇ ਸਾਥੀਆਂ ਤੋਂ ਅੱਗੇ ਲੰਘ ਚੁੱਕੀ ਹੈ, ਇਹ ਆਪਣੇ ਰਾਜ ਦੀਆਂ ਹੱਦਾਂ ਤੋਂ ਪਰ੍ਹੇ, ਅੱਤਵਾਦ ਦੇ ਵਿਰੁੱਧ ਲੜਾਈ ਵਿਚ ਪੁਲਿਸ ਕਾਰਵਾਈਆਂ ਦੇ ਅਧਿਕਾਰ ਖੇਤਰ ਨੂੰ ਹੋਰ ਵਧਾਉਣ ਦੇ ਫੈਸਲੇ ਰਾਹੀਂ ਸੀ।... ਇਹ ਧਾਰਣਾ ਕਿ ਉਹ ਸਿਰਫ ਪੰਜਾਬ ਵਿਚ ਹੀ ਲੋਕਾਂ ਨੂੰ ਬੇਰਹਿਮੀ ਨਾਲ ਕਤਲ ਕਰ ਸਕਦੇ ਹਨ, ਉਨ੍ਹਾਂ ਨੇ ਸੋਚਿਆ ਕਿ ਸਰਾਸਰ ਬੇਵਕੂਫੀ ਹੈ। ਕੀ ਸਾਰਿਆਂ ਨੇ ਡਾਇਰੈਕਟਰ ਜਨਰਲ ਆਫ਼ ਪੁਲਿਸ ਦੀ ਉਸਦੀ ਬਹਾਦਰੀ ਅਤੇ ਬੇਰਹਿਮੀ ਦੀ ਹੱਦੋਂ ਵੱਧ ਪ੍ਰਸ਼ੰਸਾ ਨਹੀਂ ਸੀ ਕੀਤੀ ਜਿਸਨੇ ਕਿ ਖਾਲਿਸਤਾਨੀਆਂ ਤੋਂ ਦੇਸ਼ ਨੂੰ ਬਚਾਇਆ ਹੈ? ਜੋ ਕਿ ਸਫਾਇਆ ਕਰ ਦਿੱਤੇ ਜਾਣ ਦੇ ਲਾਇਕ ਸਨ ਪਰ ਕਿਤੇ ਹੋਰ ਠਿਕਾਣਾ ਲੱਭਣ ਦੀ ਬਹਾਦਰੀ ਕਰ ਚੁੱਕੇ ਸਨ, ਉਨ੍ਹਾਂ ਨੂੰ ਨਿਆਂ ਤੋਂ ਬਚਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ। ਜੇ ਸ਼ੱਕੀ ਵਿਅੱਕਤੀ ਮਹਾਂਰਾਸ਼ਟਰ, ਜਾਂ ਮਨੀਪੁਰ ਜਾਂ ਬੰਗਾਲ ਵਿਚ ਲੁਕੇ ਹੋਏ, ਤਾਂ ਪੰਜਾਬ ਪੁਲਿਸ, ਆਪਣੇ ਇਰਾਦੇ ਵਿਚ ਬੇਝਿਜਕ, ਇਨ੍ਹਾਂ ਥਾਵਾਂ ਲਈ ਆਪਣੇ ਕਮਾਂਡੋ ਭੇਜੇਗੀ ਅਤੇ ਭਗੌੜਿਆਂ ਨਾਲ ਨਿਪਟੇਗੀ .... "

1995 ਵਿਚ, ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ ਨੇ ਆਪਣੀ ਪੁਲਿਸ ਨੂੰ ਆਪਣੀਆਂ ਹੱਦਾਂ ਤੋਂ ਬਾਹਰ ਦੀਆਂ ਕਾਰਵਾਈਆਂ ਹੋਰ ਜਾਰੀ ਨਾ ਰੱਖਣ ਦੀਆਂ ਹਦਾਇਤਾਂ ਜਾਰੀ ਕੀਤੀਆਂ। ਹੱਦਾਂ ਤੋਂ ਬਾਹਰ ਕਤਲਾਂ ਵਿਚ ਰਾਜ ਦੀ ਲੁਕਵੀਂ ਸ਼ਮੂਲੀਅਤ ਦਾ ਇਹ ਆਪਣੇ ਆਂਪ ਵਿਚ ਇਕਰਾਰ ਹੈ।

ਇੰਜ ਨਹੀਂ ਕਿ ਇਹ ਕਦੇ ਵੀ ਖ਼ਾਸ ਤੌਰ ਤੇ ਲੁਕਵਾਂ ਰਿਹਾ। 28 ਜੂਨ, 1994 ਨੂੰ **ਦਿ ਟ੍ਰਿਬਿਊਨ** ਨੇ ਖ਼ਬਰ ਦਿੱਤੀ : "ਪੰਜਾਬ ਪੁਲਿਸ ਨੇ ਯੂ.ਪੀ. ਦੀ ਪੁਲਿਸ ਨੂੰ ਉਥੋਂ ਅੱਤਵਾਦ ਖ਼ਤਮ ਕਰਨ ਵਿਚ ਸਹਾਇਤਾ ਦੇਣ ਲਈ ਤਰਾਈ ਖੇਤਰ ਵਿਚ ਤਿੰਨ ਕੇਂਦਰ ਸਥਾਪਿਤ ਕੀਤੇ ਹਨ। ਅਜਿਹਾ

ਬਿਆਨ ਕਰਦੇ ਹੋਏ ਸ੍ਰੀ ਕੇ.ਪੀ.ਐਸ. ਗਿੱਲ, ਡੀ ਜੀ ਪੀ ਨੇ ਅੱਜ ਇੱਥੇ (ਜਲੰਧਰ) ਪੱਤਰਕਾਰਾਂ ਨੂੰ ਦੱਸਿਆ ਕਿ ਇਹ ਕੇਂਦਰ ਬਾਜਪੁਰ, ਲਖਨਪੁਰ ਅਤੇ ਪੁਰਾਨੂਰ ਵਿਖੇ ਸਨ। ਸ੍ਰੀ ਗਿੱਲ ਨੇ ਕਿਹਾ ਕਿ ਅਜਿਹੇ ਕੇਂਦਰ ਪੰਜਾਬ ਪੁਲਿਸ ਦੇ ਦਬਾਅ ਕਾਰਣ ਭੱਜੇ ਹੋਏ ਅੱਤਵਾਦੀਆਂ ਨੂੰ ਲੱਭਣ ਲਈ, ਆਸਾਮ, ਪੱਛਮੀ ਬੰਗਾਲ, ਬੰਬਈ, ਹੈਦਰਾਬਾਦ, ਇੰਦੌਰ, ਅਹਿਮਦਾਬਾਦ ਅਤੇ ਬੜੌਦਾ ਵਿਚ ਵੀ, ਕਾਇਮ ਕੀਤੇ ਗਏ ਸਨ।"

ਭਾਰਤ ਨੇ ਬ੍ਰਿਟੇਨ, ਕੈਨੇਡਾ ਅਤੇ ਯੂ.ਐਸ.ਏ. ਨਾਲ ਪ੍ਰਤਿਅਰਪਣ ਸੰਧੀ ਤੇ ਦਸਤਖ਼ਤ ਕੀਤੇ ਹਨ ਪਰ ਪ੍ਰਤਿਅਰਪਣ ਦੇ ਅਮਲ ਵਿਚ ਕਈ ਕਾਨੂੰਨੀ ਨਿਯਮਕਤਾਵਾਂ ਦੀਆਂ ਰੁਕਾਵਟਾਂ ਹਨ ਅਤੇ ਇਸ ਤੋਂ ਪਹਿਲਾਂ ਕਿ ਉਹ ਉਸ ਵਿਅਕਤੀ ਨੂੰ ਵਾਪਸ ਭਾਰਤ ਦੇ ਹਵਾਲੇ ਕਰਨ, ਵਿਦੇਸ਼ੀ ਸਰਕਾਰਾਂ ਦੀ ਚੰਗੀ ਤਰ੍ਹਾਂ ਤਸੱਲੀ ਕਰਵਾਉਣੀ ਪੈਂਦੀ ਹੈ ਕਿ ਉਸ ਵਿਅੱਕਤੀ ਦੇ ਖਿਲਾਫ ਉਚਿਤ ਅਤੇ ਸੱਚੇ ਸਬੂਤ ਹਨ।

ਬਹੁਤ ਸਾਰੇ ਸਿੱਖ ਯੂਰਪ, ਬ੍ਰਿਟੇਨ, ਕੈਨੇਡਾ ਅਤੇ ਯੂ.ਐਸ.ਏ. ਚਲੇ ਗਏ। ਕੇ.ਪੀ.ਐਸ. ਗਿੱਲ ਦੇ ਅਨੁਸਾਰ ਸਿਰਫ ਯੂਰਪ ਵਿਚ ਹੀ ਅਜਿਹੇ 5,000 ਸਿੱਖ ਭੱਜ ਗਏ ਹਨ। (ਗਿੱਲ ਦੇ ਉੱਤਰਾਧਿਕਾਰੀ, ਓ.ਪੀ. ਸ਼ਰਮਾ ਅਨੁਸਾਰ ਇਹ ਗਿਣਤੀ 15,000 ਹੈ)। ਇਹ ਵਿਅਕਤੀ ਯੂਰਪੀ ਮੁਲਕਾਂ ਵਿਚ ਚਰਚਾ ਦਾ ਵਿਸ਼ਾ ਸਨ ਅਤੇ ਇਹ ਪ੍ਰਸ਼ਨ ਉਠਾਇਆ ਗਿਆ ਕਿ ਕੀ ਇਹ ਸ਼ਰਣ ਦਿੱਤੇ ਜਾਣ ਯੋਗ ਹਨ ਜਾਂ ਨਹੀਂ। ਜਦੋਂ ਬਾਹਰਲੇ ਮੁਲਕਾਂ ਨੇ ਇਹ ਮਸਲਾ ਭਾਰਤ ਸਰਕਾਰ ਕੋਲ ਭੇਜਿਆ ਤਾਂ ਭਾਰਤ ਨੇ ਦਲੀਲ ਦਿੱਤੀ ਕਿ ਸ਼ਰਣ ਦੇਣ ਦਾ ਕੋਈ ਕੇਸ ਨਹੀਂ ਸੀ ਕਿਉਂਕਿ ਕੋਈ ਵੀ ਸਿੱਖ ਜੇ ਉਹ ਸੋਚੇ ਕਿ ਉਹ ਪੰਜਾਬ ਵਿਚ ਸੁਰੱਖਿਅਤ ਨਹੀਂ ਹੈ ਤਾਂ ਉਹ ਭਾਰਤ ਵਿਚ ਕਿਤੇ ਵੀ ਨਿਵਾਸ ਕਰ ਸਕਦਾ ਹੈ। ਹਾਲਾਂਕਿ, ਇੰਨੇ 'ਤਿਲਜਲਾ' ਕਾਂਡ ਸਨ ਕਿ ਇਸ ਦਲੀਲ ਨੂੰ ਸਵੀਕਾਰ ਨਹੀਂ ਸੀ ਕੀਤਾ ਜਾ ਸਕਦਾ।

ਇੱਥੋਂ ਤਕ ਕਿ ਤਿਲਜਲਾ ਤੋਂ ਬਿਨਾਂ, ਬੰਬਈ ਵਿਖੇ ਕੁਲਦੀਪ ਸਿੰਘ ਅਤੇ ਦੇਸ਼ ਵਾਪਸ ਭੇਜੇ ਗਏ ਪੰਜ ਹੋਰ ਸਿੱਖਾਂ ਦੇ ਕਤਲ ਜਿਹੇ ਕੇਸ, ਭਾਰਤ ਵਿਚਲੀ ਸਥਿਤੀ ਨੂੰ ਸਾਫ਼ ਜ਼ਾਹਿਰ ਕਰਦੇ ਹਨ।

ਕੁਲਦੀਪ ਸਿੰਘ ਚੰਗੀ ਕਮਾਈ ਦੀ ਆਸ ਵਿਚ ਜਰਮਨੀ ਜਾਣ ਵਿਚ ਸਫਲ ਹੋ ਗਿਆ। ਉਸਨੇ ਰਾਜਸੀ ਕਾਰਣਾਂ ਕਰਕੇ ਕਦੀ ਸ਼ਰਣ ਨਹੀਂ ਮੰਗੀ। ਉਸਨੂੰ ਭਾਰਤ ਵਾਪਸ ਭੇਜ ਦਿੱਤਾ ਗਿਆ ਅਤੇ ਜਦੋਂ ਉਹ 28 ਮਈ, 1994 ਨੂੰ ਨਵੀਂ ਦਿੱਲੀ ਦੇ ਹਵਾਈ ਅੱਡੇ ਤੇ ਪਹੁੰਚਿਆ ਤਾਂ ਨਵੀਂ ਦਿੱਲੀ ਦੀ ਪੁਲਿਸ ਨੇ ਉਸ ਤੇ ਜਾਅਲੀ ਪਾਸਪੋਰਟ ਅਤੇ ਹੋਰ ਸਬੰਧਤ ਅਪਰਾਧਾਂ ਦਾ ਦੋਸ਼ ਲਗਾ ਕੇ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਉਸਦੇ ਪਰਿਵਾਰ ਤੋਂ ਪੁੱਛਗਿੱਛ ਕੀਤੀ। ਕੁਲਦੀਪ ਸਿੰਘ, ਜੋ ਕਿ ਹਾਜ਼ਰ ਸੀ, ਨੇ ਆਪਣੇ ਪਿਤਾ ਨੂੰ ਦੱਸਿਆ ਕਿ ਪੁਲਿਸ 500 ਜਰਮਨ ਮਾਰਕ ਚਾਹੁੰਦੀ ਹੈ। ਪਰਿਵਾਰ ਸਿਰਫ 3000

ਰੁਪਏ ਦਾ ਇੰਤਜ਼ਾਮ ਕਰ ਸਕਿਆ। ਕੁਲਦੀਪ ਦੇ ਆਪਣੇ ਪਿਤਾ ਨੂੰ ਅੰਤਿਮ ਸ਼ਬਦ, ਕਿਉਂਕਿ ਉਸ ਤੇ ਵਹਿਸ਼ੀਆਨਾ ਜ਼ਬਰ ਹੋ ਰਿਹਾ ਸੀ, ਇਸ ਲਈ ਕਿਸੇ ਤਰ੍ਹਾਂ ਵੀ ਜਿੰਨੀ ਛੇਤੀ ਹੋ ਸਕੇ ਪੈਸੇ ਦਾ ਇੰਤਜ਼ਾਮ ਕਰਨ, ਦੀ ਇਕ ਅਰਜ਼ ਸਨ। 30 ਮਈ ਨੂੰ ਇਕ ਪੁਲਿਸ ਕਰਮਚਾਰੀ ਪਰਿਵਾਰ ਲਈ ਖਬਰ ਲਿਆਇਆ ਕਿ ਕੁਲਦੀਪ ਮਰ ਗਿਆ ਹੈ ਅਤੇ ਉਹ ਦੀਨ ਦਯਾਲ ਹਸਪਤਾਲ ਤੋਂ ਉਸਦੀ ਦੇਹ ਲੈ ਸਕਦੇ ਹਨ।

ਇਕ ਹੋਰ ਅਜਿਹਾ ਕੇਸ, 24 ਸਾਲਾ ਸਿਖਿਅਤ ਕਾਮੇ ਸਾਹਿਬ ਸਿੰਘ ਦਾ ਹੈ, ਜਿਸਨੂੰ 1991 ਵਿਚ ਬਹਿਰੀਨ ਵਿਚ ਨੌਕਰੀ ਮਿਲੀ ਸੀ। 1994 ਵਿਚ ਉਹ ਵਾਪਸ ਭਾਰਤ ਆਇਆ। ਉਸਦਾ ਪਿਤਾ ਉਸ ਨੂੰ 12 ਸਤੰਬਰ ਨੂੰ ਦਿੱਲੀ ਹਵਾਈ ਅੱਡੇ ਤੇ ਮਿਲਿਆ। ਸਾਹਿਬ ਸਿੰਘ ਨੇ ਆਪਣੇ ਪਿਤਾ ਨੂੰ ਆਪਣੇ ਪਿੰਡ ਮੰਡਵੀ, ਜ਼ਿਲ੍ਹਾ ਸੰਗਰੂਰ ਮੁੜ ਜਾਣ ਲਈ ਕਿਹਾ ਅਤੇ ਕਿਹਾ ਕਿ ਉਹ ਆਪਣੀ ਪਤਨੀ ਦੇ ਪਰਿਵਾਰ ਦੇ ਪਿੰਡ (ਬੌਸੇ, ਜ਼ਿਲ੍ਹਾ ਕਰਨਾਲ, ਹਰਿਆਣਾ) ਤੋਂ ਹੋ ਕੇ ਆਵੇਗਾ।

ਜਦੋਂ ਸਾਹਿਬ ਸਿੰਘ 13 ਜਾਂ 14 ਜਾਂ 15 ਤਰੀਕ ਤਕ ਵੀ ਵਾਪਸ ਨਾ ਆਇਆ ਤਾਂ ਉਸਦਾ ਪਿਤਾ ਬੌਸੇ ਗਿਆ। ਸਾਹਿਬ ਸਿੰਘ ਹਾਲੇ ਉੱਥੇ ਹੀ ਸੀ ਪਰ ਉਸੇ ਰਾਤ ਪੁਲਿਸ ਨੇ ਘਰ ਨੂੰ ਘੇਰਾ ਪਾ ਲਿਆ ਅਤੇ ਸਾਹਿਬ ਸਿੰਘ ਨੂੰ ਲੈ ਗਈ। ਉਨ੍ਹਾਂ ਨੇ ਸੁੱਖਾ ਸਿੰਘ ਨੂੰ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਉਸਦੇ ਪੁੱਤਰ ਨੂੰ ਕਿੱਥੇ ਲੈ ਜਾਇਆ ਗਿਆ ਹੈ। ਪਿਤਾ ਇਕ ਤੋਂ ਬਾਅਦ ਇਕ ਅਫ਼ਸਰ ਕੋਲ ਗਿਆ, ਅੰਤ ਵਿਚ ਪੰਜਾਬ ਦੀ ਮੰਤਰੀ ਰਜਿੰਦਰ ਕੌਰ ਭੱਠਲ ਕੋਲ ਪਹੁੰਚਿਆ। ਉਹ ਵੀ ਕੋਈ ਮਦਦ ਨਾ ਕਰ ਸਕੀ। ਸਾਹਿਬ ਸਿੰਘ ਨੂੰ ਫੜ ਲਿਆ ਗਿਆ ਹੈ, ਇਹੀ ਅੰਤਿਮ ਤੌਰ ਤੇ ਹਰ ਕਿਸੇ ਨੂੰ ਪਤਾ ਸੀ, ਉਸ ਨੂੰ ਕਿਸੇ ਅਦਾਲਤ ਸਾਹਮਣੇ ਪੇਸ਼ ਨਹੀਂ ਕੀਤਾ ਗਿਆ, ਨਾ ਹੀ ਰਿਹਾ ਕੀਤਾ ਗਿਆ। ਇਸ ਤੋਂ ਉਲਟ ਸੁੱਖਾ ਸਿੰਘ ਨੂੰ ਪੁਲਿਸ ਵਲੋਂ ਧਮਕਾਇਆ ਗਿਆ ਕਿ ਜੇ ਉਸ ਨੇ ਆਪਣੇ ਪੁੱਤਰ ਨੂੰ ਲੱਭਣ ਅਤੇ ਅਗਵਾਕਾਰਾਂ ਨੂੰ ਫੜਾਉਣ ਲਈ ਆਪਣੀਆਂ ਕੋਸ਼ਿਸ਼ਾਂ ਨਾ ਛੱਡੀਆਂ, ਤਾਂ ਹੋ ਸਕਦਾ ਹੈ ਉਸ ਦੇ ਛੋਟੇ ਪੁੱਤਰ ਅੰਗਰੇਜ਼ ਸਿੰਘ ਅਤੇ ਪੁੱਤਰੀ ਜਤਿੰਦਰ ਕੌਰ ਦਾ ਵੀ ਇਹੀ ਹਾਲ ਹੋਵੇ।

ਜਿਸ ਕਿਸੇ ਨੇ ਵੀ ਪੰਜਾਬ ਛੱਡਿਆ, ਉਹ ਉਨ੍ਹਾਂ ਨਾਲੋਂ ਵੀ ਨਿਰਬਲ ਹੋ ਗਿਆ ਜੋ ਕਿ ਇੱਥੇ ਟਿਕੇ ਰਹੇ।

ਕੁਲਦੀਪ ਜਿਹੇ ਕਈ ਕੇਸਾਂ ਦੇ ਪੰਜਾਬ ਮਨੁੱਖੀ ਅਧਿਕਾਰ ਸਮੂਹਾਂ ਦੇ ਧਿਆਨ ਵਿਚ ਆਉਣ ਤੋਂ ਬਾਅਦ, ਉਨ੍ਹਾਂ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਪੱਛਮੀ ਦੇਸ਼ਾਂ ਦੇ ਸਿਫਾਰਤਖਾਨਿਆਂ ਨੂੰ ਪੁਰਜ਼ੋਰ ਬੇਨਤੀ ਕੀਤੀ ਕਿ ਘੱਟ ਤੋਂ ਘੱਟ ਦੋ ਸਾਲਾਂ ਦੇ ਸਮੇਂ ਲਈ ਭਾਰਤ ਭੇਜੇ ਜਾਣ ਵਾਲੇ ਸਾਰੇ ਸਿੱਖਾਂ ਦਾ ਰਿਕਾਰਡ ਰੱਖਿਆ ਜਾਵੇ ਅਤੇ ਸਰਕਾਰੀ ਅਤੇ ਗੈਰ-ਸਰਕਾਰੀ ਸੋਮਿਆਂ ਦੁਆਰਾ ਉਨ੍ਹਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਿਆ ਜਾਵੇ।

ਵਾਪਸ ਦੇਸ਼ ਭੇਜੇ ਗਿਆਂ ਦੀ ਨਿਯਮਿਤ ਡਾਕਟਰੀ ਜਾਂਚ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ ਅਤੇ ਵਾਪਸ ਦੇਸ਼ ਭੇਜੇ ਗਿਆਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਜਾਣੀ ਚਾਹੀਦੀ ਹੈ। ਇਸ ਨਾਲ ਉਨ੍ਹਾਂ ਦੀ ਜ਼ਬਰ ਅਤੇ ਹਿਰਾਸਤ ਵਿਚ ਮੌਤਾਂ ਤੋਂ ਸੁਰੱਖਿਆ ਯਕੀਨੀ ਬਣ ਸਕੇਗੀ ਅਤੇ ਕਾਨੂੰਨੀ ਚਾਰਾਜੋਈ ਕਰਨ ਦਾ ਸਮਾਂ ਮਿਲ ਸਕੇਗਾ।

ਕਮਿਸ਼ਨ ਨੂੰ ਪਿਛਲੇ ਦਸ ਸਾਲਾਂ ਦੇ ਦੌਰਾਨ ਭਾਰਤ ਵਾਪਸ ਭੇਜੇ ਗਏ ਸਿੱਖਾਂ ਦੇ ਰਿਕਾਰਡ ਮੰਗਵਾਉਣ ਲਈ ਵੀ ਕਿਹਾ ਗਿਆ ਸੀ, ਤਾਂ ਜੋ ਇਹ ਪਤਾ ਲਗ ਸਕੇ ਕਿ ਕਿੰਨੇ ਮਾਰੇ ਗਏ ਜਾਂ ਗਾਇਬ ਹੋ ਗਏ ਜਾਂ ਗੈਰ-ਕਾਨੂੰਨੀ ਹਿਰਾਸਤ ਅਤੇ ਜ਼ਬਰ ਦੇ ਸ਼ਿਕਾਰ ਹੋਏ। ਇਨ੍ਹਾਂ ਵਿਚੋਂ ਜਿੰਨੇ ਵਿਅਕਤੀ ਹਾਲੇ ਜ਼ਿੰਦਾ ਹੋਣਗੇ ਅਜਿਹੇ ਕੇਸ ਕਮਿਸ਼ਨ ਦੇ ਇਕ ਸਾਲ ਜਾਂ ਇਸ ਤੋਂ ਘੱਟ ਪੁਰਾਣੇ ਕੇਸਾਂ ਦੀ ਛਾਣ-ਬੀਣ ਦੇ ਆਦੇਸ਼ ਦੇ ਅੰਦਰ ਆਉਣਗੇ।

ਇਸ ਤਰ੍ਹਾਂ ਆਜ਼ਾਦੀ ਦੇ ਫਲ ਦੀ ਮੰਗ ਕਰਨ ਲਈ ਪੰਜਾਬ ਦੇ ਸੰਘਰਸ਼ ਦਾ ਨਤੀਜਾ ਨਾ ਸਿਰਫ ਭਾਰਤ ਵਿਚਲੇ ਹੋਰ ਸਥਾਨਾਂ ਤੋਂ ਸਿੱਖਾਂ ਦਾ ਨਿਰੰਤਰ 'ਆਯਾਤ' ਵਜੋਂ ਨਿਕਲਿਆ ਸਗੋਂ ਇਸ ਦਾ ਅਰਥ ਇਹ ਵੀ ਨਿਕਲਿਆ ਕਿ ਪੰਜਾਬ ਦੀ ਗੜਬੜ, ਹਜ਼ਾਰਾਂ ਨੌਜਵਾਨਾਂ ਨਾਲ ਨਿਹਿਤ, 'ਨਿਰਯਾਤ' ਲਈ ਵੀ ਸੀ।

*ਭਾਰਤ ਦੇ ਬਾਹਰ ਸਿੱਖ ਵਸੋਂ*

ਇਸ ਤੋਂ ਪਹਿਲਾਂ ਕਿ ਰਾਜਨੀਤਿਕ ਦਬਾਓ ਸਿੱਖਾਂ ਨੂੰ ਸੁਰੱਖਿਅਤ ਘਰ ਲਈ ਉਕਸਾਉਂਦਾ, ਵਧੀਆ ਆਰਥਿਕ ਮੌਕੇ, ਜਾਂ ਫਿਰ ਘੁੰਮਣ ਫਿਰਨ ਦੀ ਲਾਲਸਾ ਨੇ ਸਿੱਖਾਂ ਨੂੰ ਸਾਰੇ ਭਾਰਤ ਅਤੇ ਦੁਨੀਆਂ ਵਿਚ ਧੱਕ ਦਿੱਤਾ। ਜਦੋਂ ਪੰਜਾਬ ਵਿਚ ਸਮੱਸਿਆ ਸ਼ੁਰੂ ਹੋਈ ਤਾਂ ਯੂ.ਕੇ., ਯੂ.ਐਸ.ਏ. ਅਤੇ ਕੈਨੇਡਾ ਵਰਗੇ ਦੇਸ਼ਾਂ ਵਿਚ ਸਨਮਾਨਿਤ ਅਤੇ ਚੰਗੀ ਤਰ੍ਹਾਂ ਸਥਾਪਿਤ ਸਿੱਖਾਂ ਦੀ ਮੌਜੂਦਗੀ ਬਹੁਤ ਕਿਸਮਤ ਵਾਲੀ ਸੀ। ਉਹ ਪੰਜਾਬ ਵਿਚ ਜੋ ਵਾਪਰ ਰਿਹਾ ਸੀ ਉਸ ਬਾਰੇ ਫਿਕਰਮੰਦ ਸਨ ਅਤੇ ਉਹ ਸਰਕਾਰ ਅਤੇ ਮੀਡੀਆ ਦਾ ਧਿਆਨ ਹਿੰਸਾ ਅਤੇ ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਹੀ ਉਲੰਘਣਾ ਵੱਲ ਕੇਂਦਰਿਤ ਕਰਾਉਣ ਦੇ ਯੋਗ ਸਨ।

ਪੰਜਾਬ ਦੇ ਅੰਦਰ ਅਤੇ ਬਾਹਰ ਸਮੱਸਿਆ ਦੇ ਵੱਧਣ ਨਾਲ, ਜੋ ਜਾ ਸਕਦੇ ਸਨ, ਉਨ੍ਹਾਂ ਨੇ ਦੇਸ਼ ਤੋਂ ਬਾਹਰ ਜਾਣ ਦੀ ਕੋਸ਼ਿਸ਼ ਕੀਤੀ। ਅੱਸੀਵਿਆਂ ਦੇ ਅੱਧ ਵਿਚ ਯੂ.ਕੇ., ਯੂ.ਐਸ.ਏ., ਕੈਨੇਡਾ, ਯੂਰਪ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚਲੀ ਸਿੱਖ ਵਸੋਂ ਬੜੀ ਤੇਜ਼ੀ ਨਾਲ ਵੱਧੀ।

ਅਫ਼ਰੀਕਾ ਵਿਚਲੀ, ਖ਼ਾਸ ਤੌਰ ਤੇ ਯੂਗੈਂਡਾ ਅਤੇ ਕੀਨੀਆ ਵਿਚਲੀ ਸਿੱਖ ਵਸੋਂ ਨੂੰ 60ਵਿਆਂ ਵਿਚ ਅਫਰੀਕੀ ਰਾਸ਼ਟਰੀਵਾਦੀਆਂ ਨੇ ਬਾਹਰ ਧੱਕ ਦਿੱਤਾ ਅਤੇ ਉਹ ਮੁੱਖ ਤੌਰ ਤੇ ਯੂ.ਕੇ. ਵਿਚ ਫੈਲ ਗਏ ਜਿੱਥੋਂ ਦਾ ਪਾਸਪੋਰਟ

ਉਨ੍ਹਾਂ ਕੋਲ ਸੀ। ਭਾਰਤ ਤੋਂ ਬਾਹਰ ਇਸ ਸਮੇਂ ਸਿੱਖ ਵਸੋਂ ਬ੍ਰਿਟੇਨ ਵਿਚ ਲਗਭਗ 6,00,000, ਕੈਨੇਡਾ ਅਤੇ ਯੂ.ਐਸ.ਏ. ਹਰ ਇਕ ਵਿਚ 3 ਲੱਖ ਹੈ। ਦੁਬਾਰਾ ਫਿਰ, ਉਹ ਆਪਣੇ ਵਧੀਆ ਕੰਮ ਦੇ ਨਿਯਮਾਂ ਅਤੇ ਜੋਖਮ ਉਠਾਉਣ ਦੇ ਕਾਰਣ ਜਲਦੀ ਹੀ ਖ਼ੁਸ਼ਹਾਲ ਕਾਰੋਬਾਰ ਵਾਲਾ ਭਾਈਚਾਰਾ ਬਣ ਗਏ।

ਯੂ.ਕੇ. ਵਿਚ ਜ਼ਿਆਦਾ ਕਾਰੋਬਾਰੀ ਆਦਮੀ ਹਨ, ਅਮਰੀਕਾ ਵਿਚ ਤਕਨੀਕੀ ਅਤੇ ਪੇਸ਼ੇਵਰ ਅਤੇ ਕੈਨੇਡਾ ਵਿਚ ਕਿਸਾਨ ਅਤੇ ਜੰਗਲ ਕੱਟਣਵਾਲੇ (ਲੰਬਰਮੈਨ) ਹਨ। ਉਹ ਕਾਫੀ ਘੁਲਣ-ਮਿਲਣ ਵਾਲੇ ਹਨ ਅਤੇ ਉਹ ਜਿਸ ਭਾਈਚਾਰੇ ਵਿਚ ਰਹਿੰਦੇ ਹਨ ਉਸ ਵਿਚ ਆਜ਼ਾਦੀ ਨਾਲ ਹਿੱਸਾ ਲੈਂਦੇ ਹਨ।

ਇੰਗਲੈਂਡ ਵਿਚ ਤਾਂ ਹੁਣ ਉਹ 35 ਸੰਸਦੀ ਸੀਟਾਂ ਤੇ ਅਸਰ ਪਾਉਣ ਦੀ ਸਥਿਤੀ ਵਿਚ ਹਨ। ਭਾਵੇਂ ਟੋਰੀ ਅਤੇ ਲੇਬਰ ਦੀ ਸਿੱਖ ਸਮੱਸਿਆ ਬਾਰੇ ਰਵੱਈਆ "ਭਾਰਤ ਦੀ ਖੇਤਰੀ ਏਕਤਾ ਦਾ ਸਨਮਾਨ, ਰਾਜ ਅਤੇ ਵਿਰੋਧੀ ਦੋਨੋ ਬਲਾਂ ਵਲੋਂ ਹਿੰਸਾ ਦੀ ਵਰਤੋਂ ਦੀ ਨਿਖੇਧੀ ਅਤੇ ਸਮੱਸਿਆਵਾਂ ਦੇ ਸ਼ਾਤੀਪੂਰਵਕ ਹੱਲ" ਵਾਲਾ ਹੈ। ਮਜਬੂਰੀ ਇਹ ਹੈ ਕਿ ਬ੍ਰਿਟੇਨ ਅੱਗੇ ਅਜਿਹੀ ਹੀ ਸਮੱਸਿਆ ਆਇਰਲੈਂਡ ਵਿਚ ਸੀ। ਜਿਉਂ ਜਿਉਂ ਆਇਰਿਸ਼ ਸਮੱਸਿਆ ਕਿਸੇ ਹੱਲ ਵਲ ਪਹੁੰਚ ਰਹੀ ਹੈ, ਸਿੱਖਾਂ ਦੀਆਂ ਇੱਛਾਵਾਂ ਪ੍ਰਤੀ ਹਮਦਰਦੀ ਵੱਧ ਰਹੀ ਹੈ। ਇਹ ਸਪੱਸ਼ਟ ਹੋ ਗਿਆ ਹੈ ਕਿ ਕੇਂਦਰਿਤ ਰਾਜ ਭਾਵੇਂ ਉਹ ਦੁਨੀਆਂ ਵਿਚ ਕਿਤੇ ਵੀ ਹੋਣ, ਨੇ ਸੰਘ ਰਾਜ ਪ੍ਰਣਾਲੀ ਲਈ ਜਗ੍ਹਾ ਬਣਾਉਣੀ ਸ਼ੁਰੂ ਕਰ ਦਿੱਤੀ ਹੈ, ਅਤੇ ਯੂਰਪ ਨੇ ਉਨ੍ਹਾਂ ਨੂੰ ਮਹਾਂਸੰਘ ਦੇ ਕੰਮ ਕਰਨ ਦੀ ਸੰਭਾਵਨਾ ਦਿਖਾ ਦਿੱਤੀ ਹੈ।

ਯੂ.ਐਸ.ਏ. ਅਤੇ ਕੈਨੇਡਾ ਵਿਚ ਸਿੱਖਾਂ ਪ੍ਰਤੀ ਹਮਦਰਦੀ ਜ਼ਿਆਦਾ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਦੀ ਰਾਜਨੀਤਿਕ ਰਵਾਇਤ ਵਿਚ ਰਾਜ ਅਤੇ ਸਥਾਨਕ ਭਾਈਚਾਰੇ ਕੋਲ ਕਾਫੀ ਤਾਕਤ ਹੈ। ਜੋ ਸਿੱਖ ਮੰਗਦੇ ਹਨ ਉਹ ਇਨ੍ਹਾਂ ਦੇਸ਼ਾਂ ਦੇ ਰਾਜਨੀਤਿਕ ਨੇਤਾਵਾਂ ਨੂੰ ਜਾਇਜ਼ ਲਗਦਾ ਹੈ। ਯੂ.ਐਸ.ਏ. ਦੇ ਜ਼ਿਆਦਾਤਰ ਸੰਸਦ ਮੈਂਬਰ ਪੰਜਾਬ ਦੀ ਖ਼ੁਦਮੁਖ਼ਤਿਆਰੀ ਦੀ ਮੰਗ ਦੀ ਹਮਾਇਤ ਕਰਨ ਲਗ ਪਏ ਹਨ। ਕੈਨੇਡੀਅਨਾਂ ਦੀ ਦਿਲਚਸਪੀ ਦਾ ਅੰਦਾਜ਼ਾ ਉਨ੍ਹਾਂ ਦੇ ਵੱਡੀ ਗਿਣਤੀ ਵਿਚ ਪੰਜਾਬ ਵਿਚ ਭੇਜੇ ਗਏ ਸੰਸਦੀ ਡੈਲੀਗੇਸ਼ਨਾਂ ਤੋਂ ਲਗਾਇਆ ਜਾ ਸਕਦਾ ਹੈ।

### *ਅੰਮ੍ਰਿਤਸਰ ਐਲਾਨਨਾਮਾ*

ਬਲਿਊਸਟਾਰ ਤੋਂ ਬਾਅਦ ਹਾਲਾਤ ਕਦੀ ਵੀ ਉਹ ਨਹੀਂ ਰਹਿ ਸਕਦੇ ਸਨ। ਇਸ ਹਮਲੇ ਨੇ ਉਦਾਰਤਾ ਵਾਲੇ ਆਨੰਦਪੁਰ ਮਤੇ ਨੂੰ ਬੇਤੁਕਾ ਬਣਾ ਦਿੱਤਾ। ਹੁਣ ਜ਼ੋਰ "ਖ਼ਾਲਿਸਤਾਨ" ਤੇ ਸੀ; 80ਵਿਆਂ ਦੇ ਦੂਜੇ ਅੱਧ ਵਿਚਲੀਆਂ ਘਟਨਾਵਾਂ ਨੇ ਨਰਮ ਖਿਆਲੀਆਂ, ਜਿਵੇਂ ਪਰਕਾਸ਼ ਸਿੰਘ ਬਾਦਲ, ਜੀ.ਐਸ. ਟੌਹੜਾ ਅਤੇ ਅਕਾਲੀ ਦਲ-ਲੌਂਗੋਵਾਲ ਦੇ ਪ੍ਰਧਾਨ ਕਾਬਲ ਸਿੰਘ ਨੂੰ ਵੀ ਇਕ

ਵੱਖਰੇ ਰਾਜ ਦੀ ਮੰਗ ਕਰਨ ਲਈ ਮਜਬੂਰ ਕੀਤਾ। ਦਸੰਬਰ 27, 1990 ਦੇ ਆਖਰੀ ਸਪਤਾਹ ਵਿਚ, ਅਕਾਲੀ ਦਲ ਨੇ ਪੰਜਾਬ ਲਈ ਆਜ਼ਾਦੀ ਦੀ ਮੰਗ ਕਰਦਿਆਂ ਸਰਬ-ਸੰਮਤੀ ਨਾਲ ਇਕ ਮਤਾ ਪਾਸ ਕੀਤਾ। (27 ਦਸੰਬਰ, 1990 ਦੀ **ਇੰਡੀਅਨ ਐਕਸਪ੍ਰੈਸ** ਅਖਬਾਰ ਵਿਚ ਛਪਿਆ)। **ਇੰਡੀਅਨ ਐਕਸਪ੍ਰੈਸ** ਦੀ ਏਸੇ ਅਖਬਾਰ ਵਿਚ ਇਕ ਖਬਰ ਵੀ ਦਿੱਤੀ ਗਈ ਕਿ ਸਿਮਰਨਜੀਤ ਸਿੰਘ ਮਾਨ, ਜਿਸ ਨੂੰ ਪ੍ਰਧਾਨ ਮੰਤਰੀ ਨੇ ਗਲਬਾਤ (ਹੋਰ ਗਲਬਾਤ) ਲਈ ਸੱਦਾ ਦਿੱਤਾ ਸੀ, ਨੂੰ ਅਕਾਲੀ ਗੁੱਟਾਂ ਨੇ ਉਸੇ ਦਿਨ ਹੋਏ ਇਕ ਬਹੁਤ ਵੱਡੇ ਸਮਾਗਮ ਵਿਚ ਸਰਕਾਰ ਨਾਲ ਗਲਬਾਤ ਲਈ ਅਧਿਕਾਰ ਦਿੱਤਾ ਹੈ।

ਇਕ ਆਜ਼ਾਦ ਪੰਜਾਬ ਦੀ ਮੰਗ ਅਜੇ ਵੀ ਖ਼ਤਮ ਨਹੀਂ ਹੋਈ ਹੈ। ਜਦੋਂ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ-ਜਨਰਲ ਨੇ 22 ਅਪ੍ਰੈਲ, 1992 ਨੂੰ ਨਵੀਂ ਦਿੱਲੀ ਦਾ ਦੌਰਾ ਕੀਤਾ, ਤਾਂ ਅਕਾਲੀ ਦਲ ਅਤੇ ਐਸ ਜੀ ਪੀ ਸੀ ਦੇ ਪ੍ਰਧਾਨ ਨੇ ਉਸ ਨੂੰ ਇਕ ਸਾਂਝਾ ਮੈਮੋਰੰਡਮ ਪੇਸ਼ ਕੀਤਾ। ਇਸ ਵਿਚ ਇਹ ਕਿਹਾ ਗਿਆ:

"ਸਿੱਖ ਕੌਮ, ਜਿਸ ਦੀ ਪ੍ਰਤਿਨਿਧਤਾ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੀ ਜਾਂਦੀ ਹੈ, ਦੀ ਇਹ ਤਸੱਲੀ ਹੈ ਕਿ ਭਾਰਤ ਸਰਕਾਰ ਪੰਜਾਬ ਵਿਚ ਆਜ਼ਾਦ ਚੋਣਾਂ ਕਰਵਾਉਣ ਦੇ ਅਸਮਰੱਥ ਹੈ ਅਤੇ ਇਸ ਨੇ ਹਾਲ ਹੀ ਵਿਚ ਇਕ ਗੱਦਾਰ ਸਰਕਾਰ ਬਣਾ ਦਿੱਤੀ ਹੈ ਜਿਹੜੀ ਕੇਵਲ 8 ਪ੍ਰਤਿਸ਼ਤ ਵੋਟਾਂ ਲੈ ਸਕੀ ਹੈ। ਇਸ ਸੰਕਟ ਦੀ ਘੜੀ ਵਿਚ, ਅਸੀਂ (ਸਿੱਖ ਕੌਮ) ਆਪ ਦੇ ਰਾਹੀਂ ਸੰਸਾਰ ਦੇ ਲੋਕਾਂ ਨੂੰ ਕਿਸੇ ਢੁੱਕਵੇਂ ਢੰਗ ਵਿਚ ਸਿੱਖ ਜਗਤ ਦੀ ਸਮੱਸਿਆ ਦਾ ਹੱਲ ਲੱਭਣ ਲਈ ਅਪੀਲ ਕਰਦੇ ਹਾਂ।"

"ਜੇਕਰ ਸਿੱਖ ਕੌਮ ਨੂੰ, ਬਸਤੀਵਾਦ ਦੇਸ਼ਾਂ ਅਤੇ ਲੋਕਾਂ ਨੂੰ, ਆਜ਼ਾਦੀ ਦੇਣ ਬਾਰੇ ਸੰਯੁਕਤ ਰਾਸ਼ਟਰ ਸੰਘ ਦੇ ਐਲਾਨ ਅਨੁਸਾਰ, ਪੂਰਣ ਆਜ਼ਾਦੀ ਅਤੇ ਉਨ੍ਹਾਂ ਦੇ ਆਰਥਕ, ਸਮਾਜਿਕ ਅਤੇ ਸਭਿਆਚਾਰਕ ਹੱਕਾਂ ਦੀ ਖੁਲ੍ਹ ਹੋਵੇ ਅਤੇ ਉਹ ਨਸਲੀ ਵਿਤਕਰੇ, ਗੁਲਾਮੀ, ਬਸਤੀਵਾਦ ਅਤੇ ਪਿਛਾਂਹਖਿੱਚੂ ਰਾਜਨੀਤਿਕ ਪ੍ਰਣਾਲੀ ਅਤੇ ਢਾਂਚੇ ਦੀਆਂ ਜ਼ੰਜੀਰਾਂ ਤੋੜਨ ਲਈ ਇਕ ਉੱਤਮ ਸੁਤੰਤਰ ਰਾਜ ਦੀ ਮੰਗ ਕਰਦੇ ਹੋਣ ਤਾਂ ਪੰਜਾਬ ਵਿਚੋਂ ਸੈਨਾ ਹਟਾਉਣ ਅਤੇ ਬਸਤੀਵਾਦ ਨੂੰ ਦੂਰ ਕਰਨਾ ਲਾਜ਼ਮੀ ਹੈ।"

ਇਸ ਮੈਮੋਰੰਡਮ ਤੇ ਦਸਤਖ਼ਤ ਕਰਨ ਵਾਲੇ ਪੀ.ਐਸ.ਬਾਦਲ, ਐਸ.ਐਸ. ਮਾਨ ਅਤੇ ਜੀ.ਐਸ. ਟੌਹੜਾ, ਤਿੰਨ ਚੋਟੀ ਦੇ ਨੇਤਾ ਸਨ।

ਇਕ ਸਾਲ ਪਹਿਲਾਂ, ਅਕਾਲੀ ਦਲ ਦੇ ਇਕ ਸੀਨੀਅਰ ਉਪ-ਪ੍ਰਧਾਨ, ਸ੍ਰ. ਕੁਲਦੀਪ ਸਿੰਘ ਵਡਾਲਾ, ਨੇ ਐਲਾਨ ਕੀਤਾ ਸੀ ਕਿ ਪੰਜਾਬ ਕਦੀ

ਵੀ ਹਿੰਦੁਸਤਾਨ ਦਾ ਹਿੱਸਾ ਨਹੀਂ ਰਿਹਾ ਹੈ। ਇਕ ਹੋਰ ਸੀਨੀਅਰ ਅਕਾਲੀ ਨੇਤਾ ਸੁਖਜਿੰਦਰ ਸਿੰਘ ਹਮੇਸ਼ਾਂ ਖ਼ਾਲਿਸਤਾਨ ਦਾ ਸਮੱਰਥਕ ਰਿਹਾ ਹੈ ਅਤੇ 14 ਸਤੰਬਰ, 1995 ਦੀ **ਇੰਡੀਅਨ ਐਕਸਪ੍ਰੈਸ** ਅਖਬਾਰ ਵਿਚ ਉਸ ਨੇ ਕਿਹਾ ਕਿ "ਸਿਰਫ ਸਿੱਖ ਹੀ ਇਕੋ ਕੌਮ ਹੈ ਜਿਸ ਦਾ ਕੋਈ ਦੇਸ਼ ਨਹੀਂ ਹੈ।"

ਇਨ੍ਹਾਂ ਸਾਲਾਂ ਦੌਰਾਨ ਸਿੱਖਾਂ ਤੇ ਲਗਾਤਾਰ ਜ਼ੁਲਮ ਹੁੰਦਾ ਰਿਹਾ ਅਤੇ ਇਹ ਵਧਦਾ ਹੀ ਗਿਆ। ਲੇਕਿਨ ਸਿੱਖ ਫਿਰ ਵੀ ਆਪਣੀ ਮੰਗ ਤੇ ਜ਼ੋਰ ਦਿੰਦੇ ਰਹੇ।

ਪਲਟਾ 1995 ਵਿਚ ਆਇਆ ਅਤੇ ਇਸ ਨੂੰ ਪ੍ਰੇਰਨਾ ਮਿਲੀ ਚੋਣ ਕਾਨੂੰਨ ਅਧੀਨ ਅਕਾਲੀ ਦਲ ਦੀ ਅਯੋਗਤਾ ਦੇ ਡਰੋਂ ਨਾ ਕਿ ਘੋਰ ਜ਼ੁਲਮ ਕਰਕੇ। ਜਿਵੇਂ ਚੋਣਾਂ ਦਾ ਸਮਾਂ ਨੇੜੇ ਆਇਆ ਤਾਂ ਅਕਾਲੀ ਵੱਖਰੇ-ਵੱਖਰੇ ਗਰੁੱਪਾਂ ਵਿਚ ਵੰਡੇ ਗਏ। ਕੇਂਦਰ ਨਾਲ ਸੌਦੇਬਾਜ਼ੀ ਸ਼ੁਰੂ ਹੋ ਗਈ ਅਤੇ ਕੁਝ ਨੇਤਾਵਾਂ ਨੇ ਕੇਂਦਰ ਨਾਲ ਸੌਦੇਬਾਜ਼ੀ ਕਰਨ ਅਤੇ ਮੁੱਖ ਚੋਣ ਕਮਿਸ਼ਨਰ ਦੀ ਕੁਹਾੜੀ ਤੋਂ ਬਚਣ ਲਈ ਆਪਣੀਆਂ ਮੰਗਾਂ ਨੂੰ ਘਟਾਉਣਾ ਸ਼ੁਰੂ ਕਰ ਦਿੱਤਾ।

ਅਕਾਲੀਆਂ ਨੂੰ ਇਕ-ਮੁੱਠ ਕਰਨ ਦੀ ਕੋਸ਼ਿਸ਼ ਵਿਚ ਅਕਾਲ ਤਖ਼ਤ ਦੇ ਕਾਇਮ-ਮੁਕਾਮ ਜੱਥੇਦਾਰ ਭਾਈ ਮਨਜੀਤ ਸਿੰਘ ਰਾਹੀਂ ਕਿਸੇ ਸਰਬ-ਸੰਮਤੀ ਫਾਰਮੂਲੇ ਤੇ ਪੁੱਜਣ ਲਈ ਇਕ ਕੋਸ਼ਿਸ਼ ਕੀਤੀ ਗਈ। (ਪਰਕਾਸ਼ ਸਿੰਘ ਬਾਦਲ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ, ਅਮਰਿੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ ਅਤੇ ਜਗਦੇਵ ਸਿੰਘ ਤਲਵੰਡੀ ਸਮੇਤ ਸਾਰੇ ਹੋਰ ਅਕਾਲੀ ਗੁੱਟਾਂ ਨੇ ਇਸਤੇ ਦਸਤਖ਼ਤ ਕੀਤੇ)। ਇਸ ਦਸਤਾਵੇਜ਼ ਨੂੰ, ਜਿਹੜਾ ਮਈ, 1995 ਵਿਚ ਜਾਰੀ ਕੀਤਾ ਗਿਆ ਸੀ, ਅੰਮ੍ਰਿਤਸਰ ਐਲਾਨਨਾਮਾ ਕਿਹਾ ਗਿਆ। ਇਸ ਵਿਚ ਕਿਹਾ ਗਿਆ ਸੀ :

"ਅਕਾਲੀ ਦਲ (ਅੰਮ੍ਰਿਤਸਰ), ਲੋਕਤਾਂਤ੍ਰਿਕ ਢਾਂਚੇ ਵਿਚ ਰਹਿੰਦਿਆਂ ਅਤੇ ਸਿੱਖ ਕੌਮ ਅਤੇ ਇਸ ਦੇ ਅਮੀਰ ਪੰਜਾਬੀ ਸਭਿਆਚਾਰ ਨੂੰ ਸੇਧ ਦੇਣ ਲਈ ਪਾਵਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿੱਧਾਂਤਾਂ ਤੇ ਚਲਦਿਆਂ ਹੋਇਆਂ ਸਮੁੱਚੇ ਸਿੱਖ ਜਗਤ ਵੱਲੋਂ ਇਕ ਵੱਖਰੇ ਸਿੱਖ ਖੇਤਰ (ਰਾਜ) ਦੀ ਸਿਰਜਣਾ ਕਰਨ ਅਤੇ ਮੰਗ ਕਰਨ ਲਈ ਆਪਣੀ ਜੱਦੋ-ਜਹਿਦ ਨੂੰ ਨਵੇਂ ਸਿਰਿਓਂ ਚਲਾਉਣ ਲਈ ਆਪਣੇ ਫੈਸਲੇ ਦਾ ਐਲਾਨ ਕਰਦਾ ਹੈ ਤਾਂ ਕਿ ਸਿੱਖ ਇਸ ਰਾਜ ਵਿਚ ਆਜ਼ਾਦੀ ਦਾ ਆਨੰਦ ਮਾਣ ਸਕਣ।

"ਇਕ ਅਜਿਹੀ ਵੱਖਰੀ ਸਿੱਖ ਸਟੇਟ ਕਾਇਮ ਕਰਨ ਨਾਲ ਹੀ ਕੇਵਲ ਸਿੱਖ ਕੌਮ ਅਤੇ ਪੰਜਾਬੀਆਂ ਦੀ ਇੱਛਾ ਪੂਰੀ ਹੋ ਸਕਦੀ ਹੈ। ਬਟਵਾਰੇ ਤੋਂ ਪਹਿਲਾਂ, ਉਸ ਸਮੇਂ ਦੀ ਸਰਕਾਰ ਨੇ ਅਜਿਹਾ ਰਾਜ ਕਾਇਮ ਕਰਨ ਦਾ ਵਾਅਦਾ ਕੀਤਾ ਸੀ ਪਰੰਤੂ ਇਹ ਵਾਅਦਾ ਅਜੇ ਤਕ ਪੂਰਾ ਨਹੀਂ ਕੀਤਾ ਗਿਆ।

"ਇਹੋ ਵੱਖਰਾ ਖ਼ੁਦਮੁਖ਼ਤਿਆਰ ਰਾਜ ਹੀ ਘੱਟ-ਗਿਣਤੀ

ਭਾਈਚਾਰਿਆਂ ਦੇ ਹਿੱਤਾਂ ਦੀ ਰਾਖੀ ਕਰ ਸਕਦਾ ਹੈ। ਅਜ ਦੇ ਇਸ ਇਤਿਹਾਸ ਵਿਚ ਸਾਊਥ-ਈਸਟ ਏਸ਼ੀਆ ਵਿਚ ਗੜਬੜੀ ਫੈਲੀ ਹੋਈ ਹੈ ਅਤੇ ਪੱਛਮੀ ਦੇਸ਼ਾਂ ਵਿਚ ਕੁੱਝ ਸਿੱਧਾਂਤਾਂ ਤੇ ਆਧਾਰਿਤ ਇਕ ਨਵੇਂ ਸਮਾਜ ਦੀ ਸਿਰਜਣਾ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।

"ਇਨ੍ਹਾਂ ਬਦਲ ਰਹੀਆਂ ਪ੍ਰਸਥਿਤੀਆਂ ਵਿਚ ਤਬਦੀਲੀਆਂ ਦਾ ਆਉਣਾ ਸੁਭਾਵਕ ਹੈ ਅਤੇ ਇਹ ਜ਼ਰੂਰੀ ਹੋ ਗਿਆ ਹੈ ਕਿ ਹਰ ਕਿਸਮ ਦੀਆਂ ਬੁਰਾਈਆਂ ਤੋਂ ਮੁਕਤ ਕੁਝ ਅਸੂਲਾਂ ਤੇ ਇਕ ਸਮਾਜ ਦੀ ਸਿਰਜਣਾ ਕੀਤੀ ਜਾਵੇ। ਇਸ ਨਵੇਂ ਸਿੱਖ ਰਾਜ ਵਿਚ ਸਾਰੀਆਂ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਨੂੰ ਆਪਣੇ ਵਿਚਾਰ ਅਤੇ ਖ਼ਿਆਲ ਖੁਲ੍ਹ ਕੇ ਵਿਅਕਤ ਕਰਨ ਦੇ ਮੌਕੇ ਦਿੱਤੇ ਜਾਣਗੇ ਜੋ ਪਹਿਲਾਂ ਕਦੀ ਨਹੀਂ ਦਿੱਤੇ ਗਏ।

"ਇਸ ਨਵੇਂ ਰਾਜ ਵਿਚ ਸਿੱਖ ਅਤੇ ਪੰਜਾਬੀ ਆਪਣੇ ਧਰਮ ਅਤੇ ਸਭਿਆਚਾਰ ਦਾ ਖੁਲ੍ਹ ਕੇ ਪ੍ਰਚਾਰ ਕਰਨ ਦੇ ਯੋਗ ਹੋਣਗੇ ਅਤੇ ਇਸ ਰਾਹੀਂ ਉਸ ਸੰਸਾਰ ਦੇ ਅਮੀਰ ਸਭਿਆਚਾਰਕ ਵਿਰਸੇ ਨੂੰ ਹੋਰ ਵੀ ਪ੍ਰਫੁੱਲਤ ਕਰਨਗੇ।

"ਸ਼੍ਰੋਮਣੀ ਅਕਾਲੀ ਦਲ ਦਾ ਵਿਚਾਰ ਹੈ ਕਿ ਹਿੰਦੁਸਤਾਨ ਇਕ ਅਜਿਹਾ ਉਪ-ਮਹਾਂਦੀਪ ਹੈ ਜਿਸ ਵਿਚ ਵੱਖਰੇ-ਵੱਖਰੇ ਸਭਿਆਚਾਰਕ ਲੋਕ ਹਨ, ਇੱਥੇ ਹਰੇਕ ਫਿਰਕੇ ਦੀ ਆਪਣੀ ਵੱਖਰੀ ਹੋਂਦ ਹੈ ਅਤੇ ਅਮੀਰ ਸਭਿਆਚਾਰਕ ਵਿਰਸਾ ਹੈ।

"ਇਸ ਉਪ-ਮਹਾਂਦੀਪ ਨੂੰ, ਸੰਵਿਧਾਨ ਵਿਚ ਸੋਧਾਂ ਕਰਕੇ ਅਤੇ ਇਸ ਨੂੰ ਹੋਰ ਫ਼ਰਾਖ਼ਦਿਲ ਅਤੇ ਮਹਾਂ-ਸੰਘ ਬਣਾ ਕੇ ਮੁੜ-ਸੰਗਠਿਤ ਕਰਨ ਦੀ ਲੋੜ ਹੈ। ਕੇਵਲ ਇਕ ਮਜ਼ਬੂਤ ਸੰਘੀ-ਢਾਂਚੇ ਵਾਲੇ ਰਾਜ ਵਿਚ ਹੀ ਹਰੇਕ ਸਭਿਆਚਾਰ ਤਰੱਕੀ ਕਰ ਸਕਦਾ ਹੈ ਅਤੇ ਵਿਸ਼ਵ ਵਿਆਪੀ ਪ੍ਰਭਾਵ ਪਾ ਸਕਦਾ ਹੈ।

"ਜੇਕਰ ਹਿੰਦੁਸਤਾਨ ਦੀ ਸਰਕਾਰ ਮਹਾਂ-ਸੰਘ ਦੀ ਸਿਰਜਣਾ ਕਰਨ ਦੀ ਮੰਗ ਨੂੰ ਸਵੀਕਾਰ ਨਹੀਂ ਕਰਦੀ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਵੱਖਰੇ ਅਤੇ ਸੁਤੰਤਰ ਸਿੱਖ ਰਾਜ ਲਈ ਆਪਣੀ ਮੰਗ ਦਾ ਐਲਾਨ ਕਰਨ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਰਹਿ ਜਾਵੇਗਾ। ਅਜਿਹਾ ਨਾ ਕੀਤੇ ਜਾਣ ਦੀ ਸੂਰਤ ਵਿਚ ਪਾਰਟੀ ਇਸ ਵੱਖਰੇ ਰਾਜ ਲਈ ਜੱਦੋ-ਜਹਿਦ ਵੀ ਕਰੇਗੀ।"

ਇਸ ਐਲਾਨ ਦੀ ਥੋੜ੍ਹੀ ਜਿਹੀ ਵਿਰੋਧਤਾ ਹੋਈ। ਕੈਪਟਨ ਕੰਵਲਜੀਤ ਸਿੰਘ (ਜੋ ਕਿ ਜੀ. ਐਸ. ਟੌਹੜਾ ਅਤੇ ਸੀ. ਪੀ. ਐਮ. ਨੇਤਾ ਹਰਕਿਸ਼ਨ ਸਿੰਘ ਸੁਰਜੀਤ ਦਾ ਪੈਰੋਕਾਰ (ਚੇਲਾ) ਰਹਿ ਚੁੱਕਾ ਸੀ, ਅਤੇ ਸੁਰਜੀਤ ਸਿੰਘ ਬਰਨਾਲਾ ਮੰਤਰੀ-ਮੰਡਲ ਵਿਚ ਗ੍ਰਿਹ ਰਾਜ ਮੰਤਰੀ ਰਹਿ ਚੁੱਕਾ ਸੀ) ਨੇ ਇਸ ਦਸਤਾਵੇਜ਼ ਦੀ ਨੁਕਤਾਚੀਨੀ ਕੀਤੀ।

ਇਸ ਤੋਂ ਤੁਰਤ ਬਾਅਦ ਸਾਬਕਾ ਅਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਇਸ ਐਲਾਨਨਾਮੇ ਦਾ ਸਮੱਰਥਨ ਕਰ ਦਿੱਤਾ। **ਇੰਡੀਅਨ ਐਕਸਪ੍ਰੈਸ** ਨੇ ਉਸ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ ਕਿ "ਅੰਮ੍ਰਿਤਸਰ-

ਐਲਾਨਨਾਮਾ ਅਲਹਿਦਗੀ ਵਾਲਾ ਨਹੀਂ ਹੈ ਇਹ ਤਾਂ ਆਨੰਦਪੁਰ ਸਾਹਿਬ ਮਤੇ ਦਾ ਇਕ ਸੁਧਰਿਆ ਹੋਇਆ ਰੂਪ ਹੈ। ਇਹ ਕੌਮ-ਵਿਰੋਧੀ ਨਹੀਂ ਹੈ ਪਰੰਤੂ ਇਹ ਪੰਜਾਬ ਅਤੇ ਸਿੱਖਾਂ ਦੇ ਹੱਕ ਵਿਚ ਹੈ। ਕੈਪਟਨ ਕੰਵਲਜੀਤ ਸਿੰਘ ਨੇ ਇਸ ਐਲਾਨਨਾਮੇ ਦੀ ਬਿਨਾ ਪੜ੍ਹਿਆਂ ਨੁਕਤਾਚੀਨੀ ਕਰ ਦਿੱਤੀ ਹੈ।"

ਏਨੇ ਵਿਚ, ਭਾਰਤ ਦੇ ਹੋਰ ਸੂਬਿਆਂ, ਵਿਸ਼ੇਸ਼ ਕਰਕੇ ਉੜੀਸਾ, ਗੁਜਰਾਤ, ਆਸਾਮ, ਨਾਗਾਲੈਂਡ, ਮੀਜ਼ੋਰਮ, ਮਨੀਪੁਰ ਅਤੇ ਕਸ਼ਮੀਰ ਅਤੇ ਝਾੜਖੰਡ ਦੀ ਕਬਾਇਲੀ ਪੱਟੀ ਵਿਚ ਕਈ ਰਾਜਨੀਤਕ ਪਾਰਟੀਆਂ ਨੇ ਵੀ ਕੇਂਦਰ ਦੀ ਸ਼ਕਤੀ ਨੂੰ ਸੀਮਿਤ ਕਰਨ ਅਤੇ ਭਾਰਤੀ ਸੰਘ ਨੂੰ ਮਹਾਂ-ਸੰਘੀ ਢਾਂਚੇ ਵਿਚ ਬਦਲਣ ਲਈ ਸੰਵਿਧਾਨ ਵਿਚ ਸੋਧ ਕਰਨ ਦੀ ਮੰਗ ਦਾ ਸਮੱਰਥਨ ਕਰ ਦਿੱਤਾ।

ਪਿਛਲੇ ਤਿੰਨ ਸਾਲਾਂ ਦੌਰਾਨ, ਵਿਸ਼ਵ ਬੈਂਕ (ਵਰਡ ਬੈਂਕ) ਅਤੇ ਅੰਤਰ-ਰਾਸ਼ਟਰੀ ਮੁਦਰਾ ਫ਼ੰਡ (ਇੰਟਰਨੈਸ਼ਨਲ ਮੌਨੇਟਰੀ ਫ਼ੰਡ) ਦੇ ਸੁਝਾਅ ਤੇ ਭਾਰਤ ਸਰਕਾਰ ਨੇ ਘੱਟ ਤੋਂ ਘੱਟ ਪੁਰਾਣੇ ਲਾਇਸੰਸ-ਪਰਮਿਟ ਰਾਜ ਨੂੰ ਖ਼ਤਮ ਕਰਨਾ ਠੀਕ ਸਮਝਿਆ ਜਿਸਨੇ ਕਿ ਨਹਿਰੂ ਖ਼ਾਨਦਾਨ ਦੇ ਰਾਜ ਦੌਰਾਨ ਪ੍ਰਾਈਵੇਟ ਸੈਕਟਰ ਦੀ ਪਹਿਲਕਦਮੀ ਨੂੰ ਸਦਾ ਦਬਾਈ ਰੱਖਿਆ ਸੀ। ਹੁਣ ਉੱਦਮਕਰਤਾ "ਆਜ਼ਾਦੀ ਦੀ ਲੋਅ" ਨੂੰ ਮਹਿਸੂਸ ਕਰਨ ਲੱਗ ਪਏ ਹਨ ਅਤੇ ਸਰਕਾਰੀ ਬਾਬੂਆਂ ਨੇ ਬੜੀ ਬੇਦਿਲੀ ਨਾਲ ਉਸ ਸਖ਼ਤ ਕੰਟ੍ਰੋਲ ਨੂੰ ਤਿਆਗਣਾ ਸ਼ੁਰੂ ਕੀਤਾ ਹੈ ਜਿਸ ਨਾਲ ਉਨ੍ਹਾਂ ਨੂੰ ਵੱਢੀ ਦੇ ਰੂਪ ਵਿਚ ਚੋਖੀ ਕਮਾਈ ਹੁੰਦੀ ਸੀ। ਇਹ ਦੇਖਿਆ ਗਿਆ ਹੈ ਕਿ ਜੇਕਰ ਆਰਥਕ ਪ੍ਰਣਾਲੀ ਤੋਂ ਕਿਸੇ ਬੁਰਾਈ ਨੂੰ ਦੂਰ ਕੀਤਾ ਜਾਵੇ ਤਾਂ ਭਾਰਤ ਨੂੰ ਅਰਾਜਕਤਾ ਵਿਚ ਧੱਸਣ ਤੋਂ ਠੱਲਿਆ ਜਾ ਸਕਦਾ ਹੈ। ਇਹ ਸਬਕ ਨਿਰਸੰਦੇਹ ਰਾਜਨੀਤਿਕ ਪ੍ਰਣਾਲੀ ਤੇ ਵੀ ਲਾਗੂ ਹੁੰਦਾ ਹੈ।

ਆਧੁਨਿਕ ਸੰਚਾਰ-ਸਾਧਨ ਭਾਰਤ ਨੂੰ ਵਿਸ਼ਵ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਜਾਣੂੰ ਕਰਵਾਉਂਦੇ ਹਨ ਅਤੇ ਯੂਰਪੀ ਯੂਨੀਅਨ ਅਤੇ ਹੋਰ ਸਵੈ-ਇੱਛਕ ਫੈਡਰੇਸ਼ਨਾਂ ਦੀ ਉਦਾਹਰਣ ਵਿਅਰਥ ਨਹੀਂ ਜਾਵੇਗੀ। ਦਰਅਸਲ, ਟੈਲੀਕਮਿਊਨੀਕੇਸ਼ਨਜ਼ ਅਤੇ ਕੰਪਿਊਟਰਾਈਜ਼ੇਸ਼ਨ ਵਿਚ ਹੋ ਰਹੀਆਂ ਤਰੱਕੀਆਂ ਨੇ ਇਕ ਸਮਾਜਕ, ਆਰਥਕ ਜਾਂ ਰਾਜਨੀਤਿਕ ਪ੍ਰਣਾਲੀ ਵਿਚ ਸਾਰੇ ਤੱਤਾਂ ਨਾਲ ਨੇੜੇ ਦਾ ਸਹਿਯੋਗ ਪ੍ਰਾਪਤ ਕਰਨਾ ਸੰਭਵ ਬਣਾ ਦਿੱਤਾ ਹੈ ਜਿਸ ਵਿਚ ਇਲੈਕਟ੍ਰੌਨਿਕ ਯੁਗ ਤੋਂ ਪੂਰਵ ਵਾਲੀਆਂ ਅਤਿ ਕਠੋਰਤਾ ਵਾਲੀਆਂ ਦਰਜਾਬੰਦੀਆਂ ਨਹੀਂ ਹਨ।

ਜਦੋਂ ਅਸੀਂ ਸੰਸਾਰ ਦੇ ਆਰਥਿਕ ਏਕੀਕਰਨ ਤੇ ਝਾਤ ਮਾਰਦੇ ਹਾਂ, ਜੋ ਕਿ ਪ੍ਰਾਪਤ ਕੀਤਾ ਜਾ ਚੁਕਿਆ ਹੈ, ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਕ ਗੱਲੋਂ ਕੌਮੀ ਪ੍ਰਭੂਸੱਤਾ ਅਤੇ ਆਜ਼ਾਦੀ ਦੀ ਗੱਲ ਕਰਨਾ ਹੁਣ ਬੇਮਾਨੀ ਹੋ ਗਿਆ ਹੈ। ਹੁਣ ਸਾਰੇ ਰਾਸ਼ਟਰ ਇਕ ਦੂਜੇ ਤੇ ਨਿਰਭਰ ਹਨ; ਹੁਣ ਕਿਸੇ

ਕਿਸਮ ਦੇ "ਕਰਟੇਨਜ਼" - ਆਇਰਨ, ਬੈਂਬੂ ਜਾਂ ਰੇਸ਼ਮੀ ਵੀ - ਨਹੀਂ ਰਹੇ ਹਨ। ਅਤੇ ਇਸਦੇ ਨਾਲ-ਨਾਲ ਇਸੇ ਸੰਚਾਰ ਦੇ ਤੀਬਰ ਵਿਕਾਸ ਅਤੇ ਸਹਿਯੋਗ ਸਦਕਾ ਬਹੁਤ ਸਾਰੇ ਹੋਰ ਪੱਧਰਾਂ ਤੇ ਵੀ ਇਕ ਕਿਸਮ ਦਾ "ਖੁਲ੍ਹ ਦਾ ਮਾਹੌਲ" ਮਹਿਸੂਸ ਕੀਤਾ ਜਾ ਰਿਹਾ ਹੈ।

ਜਿਉਂ ਜਿਉਂ ਇਲੈਕਟ੍ਰੌਨਿਕ ਟੈਕਨਾਲੋਜੀ ਵਿਕਸਿਤ ਹੋ ਰਹੀ ਹੈ ਅਤੇ ਫੈਲ ਰਹੀ ਹੈ, ਹੋਰ ਵਧੇਰੇ ਸੰਭਵਤਾਵਾਂ - ਰਾਸ਼ਟਰ ਪੱਧਰ ਤੇ ਯਥਾਰਥਕ ਰੂਪ ਵਿਚ ਸਾਮ੍ਹਣੇ ਉਭਰ ਰਹੀਆਂ ਹਨ ਅਤੇ ਇਹ ਰਾਜਾਂ, ਜ਼ਿਲ੍ਹਿਆਂ, ਨਗਰਪਾਲਿਕਾਵਾਂ, ਆਂਢ-ਗੁਆਂਢ ਅਤੇ ਨਿੱਜੀ ਪੱਧਰ ਤੇ ਵੀ ਪਸਰ ਰਹੀਆਂ ਹਨ - ਅਤੇ ਹੁਣ ਵਰਤਾਓ ਦਾ ਅਤਿਆਚਾਰੀ, ਕੰਟ੍ਰੋਲ-ਓਰੀਐਂਟਿਡ ਅਥਾਰੀਟੇਰੀਅਨ ਪੈਟਰਨ ਅਪਨਾਉਣ ਦੀ ਕੋਈ ਲੋੜ ਨਹੀਂ ਰਹੀ। ਹੁਣ ਖੇਤਰੀ ਜਾਂ ਧਾਰਮਿਕ ਗਰੁੱਪਾਂ ਦੁਆਰਾ ਪੂਰਣ ਆਜ਼ਾਦੀ ਦੀ ਮੰਗ ਨੂੰ ਆਟੋਮੈਟਿਕ ਤੌਰ ਤੇ ਵਧੇਰੇ ਵੱਡੇ ਸਮੂਹਾਂ ਦੀ ਆਜ਼ਾਦੀ ਨੂੰ ਖ਼ਤਰੇ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ।

ਪੰਜਾਬ ਵਿਚ ਵਧੇਰੇ ਆਜ਼ਾਦੀ ਆਉਣ ਹੀ ਵਾਲੀ ਹੈ - ਅਤੇ ਇਹ ਭਾਰਤ ਅਤੇ ਸੰਸਾਰ ਵਿਚ ਪੰਜਾਬ ਵਰਗੇ ਹੋਰ ਖੇਤਰਾਂ ਵਿਚ ਵੀ ਆਉਣ ਵਾਲੀ ਹੈ - ਕਿਉਂਕਿ ਜਿਸ ਢੰਗ ਵਿਚ ਸੰਸਾਰ ਸਵੈ-ਸ਼ਾਸਨ ਲਈ ਪਹਿਲਾਂ ਚਲ ਰਹੀ ਮਜ਼ਬੂਤ ਲਹਿਰ ਦਾ ਸਮੱਰਥਨ ਕਰ ਰਿਹਾ ਹੈ, ਇਹ ਆਉਣ ਹੀ ਵਾਲੀ ਹੈ। ਇਸ ਲਹਿਰ ਨੂੰ ਚਲਾਉਣ ਲਈ ਸਿੱਖ ਸਭ ਤੋਂ ਅੱਗੇ ਹਨ - ਉਨ੍ਹਾਂ ਦੇ ਖ਼ੁਦਮੁਖ਼ਤਿਆਰੀ ਲਈ ਜੋਸ਼ ਨੂੰ ਦੇਖਦਿਆਂ ਭਾਰਤ ਵਿਚ ਕਈ ਹੋਰ ਖੇਤਰੀ ਗੁੱਟ ਵੀ ਆਪਣੇ ਲਈ ਸਵੈ-ਸ਼ਾਸਨ ਦਾ ਦਾਅਵਾ ਕਰਨ ਲਈ ਉਤਸ਼ਾਹਿਤ ਹੋਏ ਹਨ : ਇਹ ਗੁੱਟ ਹਨ ਉੱਤਰਾਖੰਡੀ, ਝਾੜਖੰਡੀ, ਕਸ਼ਮੀਰੀ, ਗੋਰਖਲੀ, ਤਮਿਲ, ਆਸਾਮੀ, ਉੱਤਰ-ਪੂਰਬੀ ਰਾਜਾਂ ਦੇ ਲੋਕ। ਸਭ ਤੋਂ ਮੋਹਰੀ ਹੋਣ ਦੇ ਕਾਰਣ ਸਿੱਖਾਂ ਨੂੰ ਇਸਦੀ ਭਾਰੀ ਕੀਮਤ ਤਾਰਣੀ ਪਈ ਹੈ ਐਪਰ ਇਨ੍ਹਾਂ ਦੀ ਜੱਦੋ-ਜਹਿਦ ਨੇ ਹੋਰਨਾਂ ਨੂੰ ਸੇਧ ਦਿੱਤੀ ਹੈ।